ੴ ਸਤਿਗੁਰ ਪ੍ਰਸਾਦਿ ॥

# ਉੱਠੋ ਸਿੰਘੋ, ਪੰਥ ਜਗਾਓ !

## ਮੂਲ ਰੂਪ ਵਿੱਚ

## ਸਿੱਖ ਮਿਸ਼ਨਰੀ ਕਾਲਜ (ਰਜਿ:)

## ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਉੱਠੋ ਸਿੰਘੋ, ਪੰਥ ਜਗਾਓ !

**ਲੇਖਕ —ਕਿਰਪਾਲ ਸਿੰਘ 'ਚੰਦਨ'**

ਇਹ ਗੱਲ ਨਿਰਵਿਵਾਦ ਮੰਨੀ ਜਾਂਦੀ ਹੈ ਕਿ ਸਚਾਈ, ਨੇਕੀ, ਸ਼ੁਭ-ਗੁਣ, ਰੱਬੀ ਗੁਣ ਸੰਸਾਰ ਦੇ ਲੋਕਾਂ ਨੂੰ ਸਹੀ ਅਰਥਾਂ ਵਿਚ ਇਨਸਾਨ ਬਣਾਉਂਦੇ ਹਨ ਅਤੇ ਜੀਵਨ ਨੂੰ ਸਫ਼ਲਤਾ ਸਹਿਤ ਜਿਊਣ ਦੇ ਸਮਰੱਥ ਬਣਾਉਂਦੇ ਹਨ। ਇਸ ਦੇ ਉਲਟ ਭੈੜੇ ਵਿਚਾਰ, ਬੁਰਾਈ, ਅਨੈਤਿਕਤਾ ਮਨੁੱਖ ਦੇ ਨਿੱਜੀ ਜੀਵਨ, ਪਰਿਵਾਰ ਤੇ ਸਮਾਜ ਵਿਚ ਕਲਹ-ਕਲੇਸ਼, ਦੁੱਖ ਅਤੇ ਅਸ਼ਾਂਤੀ ਫੈਲਾਉਂਦੇ ਹਨ। ਇਸ ਦੇ ਨਾਲ ਇਹ ਵੀ ਇਕ ਸਚਾਈ ਹੈ ਕਿ ਬੁਰਾਈ ਬਿਨਾਂ ਕਿਸੇ ਯਤਨ ਦੇ ਫੈਲਦੀ ਹੈ ਅਤੇ ਨੇਕੀ, ਸਚਾਈ ਤੇ ਸਦਾਚਾਰ ਲੋਕਾਂ ਦੇ ਜੀਵਨ ਦਾ ਅੰਗ ਬਣਾਉਣ ਲਈ ਵਾਰ-ਵਾਰ ਯਤਨ ਕਰਨੇ ਪੈਂਦੇ ਹਨ। ਮਨੁੱਖਾਂ ਨੂੰ ਸੱਚ ਧਰਮ ਦੇ ਰਾਹ 'ਤੇ ਤੋਰਨ ਲਈ ਸੰਸਾਰ 'ਤੇ ਸਮੇਂ-ਸਮੇਂ ਮਹਾਨ ਮਨੁੱਖ ਜਾਂ ਮਹਾਂਪੁਰਖ ਯਤਨ ਕਰਦੇ ਰਹਿੰਦੇ ਹਨ।

ਵੱਖ-ਵੱਖ ਧਰਮ ਵੀ ਇਸੇ ਕੰਮ (ਮਨੋਰਥ) ਲਈ ਹੋਂਦ ਵਿਚ ਆਏ ਹਨ; ਪਰ ਮਨੁੱਖਾਂ ਦੀ ਬਹੁ-ਗਿਣਤੀ ਸੱਚ, ਧਰਮ, ਸਦਾਚਾਰ ਤੋਂ ਦੂਰ ਹੀ ਰਹਿੰਦੀ ਹੈ। ਅਜੋਕਾ ਸਮੁੱਚਾ ਸੰਸਾਰ ਹੀ ਰੱਬੀ ਅਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਤਿਆਗ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਦੇ ਢਹੇ ਚੜ੍ਹ ਚੁੱਕਾ ਹੈ। ਪੁਸਤਕਾਂ, ਮੈਗਜ਼ੀਨ ਅਤੇ ਇਲੈਕਟ੍ਰਾਨਿਕ ਸੰਚਾਰ-ਸਾਧਨ ਬੁਰਾਈ ਨੂੰ ਫੈਲਾਉਣ ਵਿਚ ਲੱਗੇ ਹੋਏ ਹਨ। ਇਨ੍ਹਾਂ ਦੇ ਭੈੜੇ ਸਿੱਟੇ ਹੀ ਹਨ ਕਿ ਚੋਰੀ-ਡਾਕੇ, ਕਤਲ, ਭ੍ਰਿਸ਼ਟਾਚਾਰ, ਵਿਭਚਾਰ ਅਤੇ ਆਤਮ-ਹੱਤਿਆਵਾਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ। ਕੁਝ ਇਸ ਤਰ੍ਹਾਂ ਦਾ ਵਰਤਾਰਾ ਵਰਤ ਰਿਹਾ ਹੈ :

**ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ ॥**

**ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ ॥**

**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥**

**ਗਿਆਨੀ ਨਚਹਿ ਵਾਜੇ ਵਾਵਹਿ, ਰੂਪ ਕਰਹਿ ਸੀਗਾਰੁ ॥**

**ਊਚੇ ਕੂਕਹਿ ਵਾਦਾ ਗਾਵਹਿ, ਜੋਧਾ ਕਾ ਵੀਚਾਰੁ ॥**

**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥**

**ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥**

(ਆਸਾ ਕੀ ਵਾਰ, ਮਹਲਾ ੧, ੪੬੮-੬੯)

ਬਾਕੀ ਗੱਲਾਂ ਨੂੰ ਇਕ ਪਾਸੇ ਰੱਖ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ ਪੰਥ' ਜਾਂ ਖਾਲਸਾ ਪੰਥ ਦੀ ਗੱਲ ਹੀ ਕਰੀਏ ਤਾਂ ਕਲੇਜਾ ਪਾਟਣ ਨੂੰ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਧਰਮ ਦੀ ਨੀਂਹ ਰੱਖੀ, ਆਪਣੇ ਬਚਪਨ

ਤੋਂ ਲੈ ਕੇ ਸੰਸਾਰਕ-ਯਾਤਰਾ ਦੇ ਅੰਤ ਤੱਕ ਇਸਨੂੰ ਪ੍ਰਚਾਰਨ ਵਿਚ ਲੱਗੇ ਰਹੇ, ਏਸ਼ੀਆ ਮਹਾਂਦੀਪ ਦੇ ਦੇਸ਼ਾਂ ਦੀ ਹਜ਼ਾਰਾਂ ਮੀਲ ਪੈਦਲ ਪ੍ਰਚਾਰ-ਯਾਤਰਾ ਕੀਤੀ; ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਦੀ ਬਾਣੀ ਨਾਲ ਹਜ਼ਾਰਾਂ ਮੰਦ ਕਰਮੀਆਂ ਤੇ ਸੈਂਕੜੇ ਧਰਮ-ਆਗੂਆਂ ਨੂੰ ਸੱਚ ਦੇ ਰਾਹ 'ਤੇ ਤੋਰਿਆ। ਗੁਰੂ ਨਾਨਕ ਦੇਵ ਜੀ ਦੁਆਰਾ ਲਿਆਂਦੇ ਸਮਾਜਿਕ ਇਨਕਲਾਬ ਦੇ ਪ੍ਰਭਾਵਾਂ ਨੂੰ ਜਾਰੀ ਰੱਖਣ ਤੇ ਹੋਰ ਮਜ਼ਬੂਤ ਕਰਨ ਲਈ ਉਨ੍ਹਾਂ ਤੋਂ ਮਗਰਲੇ ਸਤਿਗੁਰਾਂ ਨੇ ਪ੍ਰਚਾਰ ਦੇ ਜਥੇਬੰਦਕ ਯਤਨ ਕੀਤੇ, ਵੇਲੇ ਦੇ ਹਾਕਮਾਂ ਦੀ ਕਰੋਪੀ ਨੂੰ ਸਹੇੜਿਆ; ਕੁਰਬਾਨੀਆਂ ਦਿੱਤੀਆਂ, ਖਾਲਸਾ ਪੰਥ ਦੀ ਸਿਰਜਨਾ ਹੋਈ, ਪੂਰੀ ਅਠਾਰ੍ਹਵੀਂ ਸਦੀ ਸ਼ਹੀਦੀਆਂ ਦੇਂਦਿਆਂ, ਘੱਲੂਘਾਰਿਆਂ ਵਿਚ ਜਾਨ-ਮਾਲ ਦਾ ਚੋਖਾ ਨੁਕਸਾਨ ਉਠਾਉਂਦਿਆਂ, ਜਬਰ-ਜ਼ੁਲਮ ਦੀਆਂ ਤਾਕਤਾਂ ਨਾਲ ਜੰਗ-ਯੁੱਧ ਕਰਦਿਆਂ ਗੁਜ਼ਾਰ ਦਿੱਤੀ। 40-50 ਸਾਲ ਰਾਜ ਕੀਤਾ, ਜਿਸ ਦੇ ਮਗਰੋਂ ਇੰਨੀ ਗਿਣਤੀ ਘਟ ਗਈ ਕਿ ਸਿੱਖਾਂ ਦੇ ਖਾਤਮੇ ਦੀ ਭਵਿੱਖਬਾਣੀ ਹੋਣੀ ਸ਼ੁਰੂ ਹੋ ਗਈ। ਸਿੰਘ ਸਭਾ ਲਹਿਰ ਨੇ ਕੁਝ ਚੜ੍ਹਦੀ ਕਲਾ ਲਿਆਂਦੀ, ਪਰ ਅੱਜ ਹਾਲਤ ਫਿਰ ਉਸੇ ਤਰ੍ਹਾਂ ਦੀ ਹੋ ਗਈ ਹੈ, ਜੋ ਇਨ੍ਹਾਂ ਰਿਪੋਰਟਾਂ ਤੋਂ ਸਪੱਸ਼ਟ ਹੈ :

ਕੁਝ ਸਾਲ ਪਹਿਲਾਂ ਅਜੀਤ ਅਖ਼ਬਾਰ ਦੇ ਸ: ਬੂਟਾ ਸਿੰਘ ਨੇ ਮਾਲਵੇ ਦੇ 30 ਸੀਨੀਅਰ ਸੈਕੰਡਰੀ ਸਕੂਲਾਂ ਅਤੇ ਕਈ ਪ੍ਰਾਇਮਰੀ ਸਕੂਲਾਂ ਦਾ ਸਰਵੇ ਕੀਤਾ ਅਤੇ ਸਰਵੇ ਦੇ ਅੰਕੜੇ ਅਖਬਾਰ ਵਿਚ ਛਪਵਾਏ, ਜਿਨ੍ਹਾਂ ਅਨੁਸਾਰ ਸੈਕੰਡਰੀ ਸਕੂਲਾਂ ਦੇ 25% ਸਿੱਖ ਨਾਵਾਂ ਵਾਲੇ ਵਿਦਿਆਰਥੀ ਅਤੇ ਪ੍ਰਾਇਮਰੀ ਸਕੂਲਾਂ ਦੇ 18% ਵਿਦਿਆਰਥੀ ਹੀ ਪਗੜੀਧਾਰੀ ਸਨ (ਬਾਕੀ ਪਗੜੀ-ਹੀਨ ਭਾਵ ਮੋਨੇ ਸਨ)।

ਅਜੀਤ ਅਖਬਾਰ ਵਿਚ ਹੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹ ਰਹੀ ਗ਼ੈਰ-ਪੰਜਾਬੀ ਬੀਬੀ ਰਿਸ਼ਮਾਂ ਨੇ ਸਿੱਖ-ਵਿਦਿਆਰਥੀਆਂ ਦੀ ਜੋ ਤਸਵੀਰ ਪੇਸ਼ ਕੀਤੀ, ਉਹ ਤਾਂ ਸਿੱਖਾਂ ਦੇ ਪ੍ਰਚਾਰ ਪ੍ਰਬੰਧ 'ਤੇ ਇਕ ਕਲੰਕ ਹੈ। ਉਹ ਲਿਖਦੀ ਹੈ : "ਮੈਂ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥਣ ਹਾਂ। ਮੈਂ ਨਾ ਤਾਂ ਪੰਜਾਬੀ ਹਾਂ ਅਤੇ ਨਾ ਹੀ ਸਿੱਖ। ਪੜ੍ਹਾਈ ਦੇ ਸਿਲਸਿਲੇ ਵਿਚ ਮੈਨੂੰ ਪੰਜਾਬ ਯੂਨੀਵਰਸਿਟੀ ਆਉਣਾ ਪਿਆ ਅਤੇ ਪਿਛਲੇ ਤਿੰਨ ਸਾਲਾਂ ਤੋਂ ਇਥੇ ਹੀ ਰਹਿ ਰਹੀ ਹਾਂ। ਮੈਂ ਕਿਤਾਬਾਂ ਵਿਚੋਂ ਸਿੱਖ ਧਰਮ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਕੀਤੀ ਸੀ। ਕਿਤਾਬਾਂ ਪੜ੍ਹ ਕੇ ਮੇਰਾ ਸਿਰ ਸਿੱਖ ਫਲਸਫੇ ਅਤੇ ਸਿੱਖ ਸ਼ਹੀਦਾਂ ਅੱਗੇ ਝੁਕ ਜਾਂਦਾ ਸੀ, ਪਰ ਪੰਜਾਬ ਯੂਨੀਵਰਸਿਟੀ ਵਿਚ ਸਿੱਖ ਨੌਜੁਆਨਾਂ ਦੀ ਹਾਲਤ ਵੇਖ ਕੇ ਮੇਰੇ ਤੋਂ ਰਿਹਾ ਨਾ ਗਿਆ। ਮੇਰੇ ਜਜ਼ਬਾਤਾਂ ਨੇ ਮੈਨੂੰ ਪੱਤਰ ਲਿਖਵਾਉਣ ਲਈ ਮਜਬੂਰ ਕਰ ਦਿੱਤਾ। ਮੈਨੂੰ ਪੰਜਾਬੀ ਲਿਖਣੀ ਨਹੀਂ ਆਉਂਦੀ। ਇਹ ਚਿੱਠੀ ਮੈਂ ਆਪਣੀ ਕਿਸੇ ਸਹੇਲੀ ਤੋਂ ਲਿਖਵਾ ਰਹੀ ਹਾਂ।

ਅੱਜ ਸਿੱਖ ਨੌਜੁਆਨ ਆਪਣੇ ਕੇਸ ਕਟਵਾ ਕੇ ਆਪਣਾ ਨਾਂ ਹੀ ਨਹੀਂ ਡੁਬੋ ਰਹੇ ਬਲਕਿ ਆਪਣੇ ਕੇਸਾਧਾਰੀ ਮਾਪਿਆਂ ਦੀ ਮਾਨਸਿਕਤਾ ਨਾਲ ਵੀ ਧ੍ਰੋਹ ਕਮਾ ਰਹੇ ਹਨ। ਸੱਚ ਮੰਨਿਓ ਲੋਕੋ, ਯੂਨੀਵਰਸਿਟੀ ਵਿਚ ਰਹਿ ਰਹੇ ਸਿੱਖਾਂ ਦੇ ਜਿੰਨੇ ਮੁੰਡਿਆਂ ਨੇ ਵੀ ਵਾਲ ਕਟਵਾਏ ਹੋਏ ਹਨ, ਉਹ ਸਾਰੇ ਸਿਗਰਟਾਂ ਪੀਂਦੇ ਹਨ ਅਤੇ ਹੋਰ ਨਸ਼ੇ ਕਰਦੇ ਹਨ। ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਵਿਚੋਂ ਆਏ ਮੁੰਡੇ ਜੋ ਹੋਸਟਲਾਂ ਵਿਚ ਰਹਿੰਦੇ ਹਨ, ਉਹ ਇੰਨੀਆਂ ਮਾੜੀਆਂ ਆਦਤਾਂ ਦੇ ਸ਼ਿਕਾਰ ਹਨ ਕਿ ਲਿਖਦਿਆਂ ਵੀ ਸ਼ਰਮ ਆਉਂਦੀ ਹੈ।

ਸਿੱਖ ਬੁੱਧੀਜੀਵੀ ਬਿਨਾਂ ਕਿਸੇ ਗੱਲ ਤੋਂ ਹੀ.........ਦਾ ਕਸੂਰ ਕੱਢੀ ਜਾ ਰਹੇ ਹਨ ਜਦੋਂ ਕਿ ਕਸੂਰ ਤਾਂ ਇਨ੍ਹਾਂ ਨੌਜੁਆਨਾਂ ਦੇ ਮਾਪਿਆਂ ਤੇ ਸਿੱਖ ਸਮਾਜ ਦਾ ਹੈ, ਜੋ ਇਨ੍ਹਾਂ ਨੂੰ ਸਿੱਧੇ ਰਾਹੇ ਨਹੀਂ ਪਾ ਸਕਿਆ। ਹਰ ਮੁੰਡਾ ਆਪਣੀ ਪਹਿਚਾਣ ਢਿੱਲੋਂ, ਬਰਾੜ, ਸੰਧੂ, ਰੰਧਾਵਾ ਅਤੇ ਮਾਨ ਆਦਿ ਜਿਹੀਆਂ ਜਾਤਾਂ ਨਾਲ ਕਰਵਾਉਂਦਾ ਹੈ। 'ਸਿੰਘ' ਅੱਖਰ ਇਨ੍ਹਾਂ ਦੇ ਨਾਮ ਵਿਚੋਂ ਗ਼ਾਇਬ ਹੀ ਹੋ ਰਿਹਾ ਹੈ। ਸ਼ਾਇਦ ਤੰਬਾਕੂ ਅਤੇ ਅਫ਼ੀਮ ਨੇ ਉਨ੍ਹਾਂ ਨੂੰ ਸੱਚਮੁੱਚ ਹੀ ਬੱਬਰ ਸ਼ੇਰ ਨਹੀਂ ਰਹਿਣ ਦਿੱਤਾ। ਮੈਂ ਸਿੱਖ ਸਮਾਜ ਅਤੇ ਸਿੱਖ ਨੌਜੁਆਨਾਂ ਦੇ ਮਾਪਿਆਂ ਨੂੰ ਦੁਖੀ ਮਨ ਨਾਲ ਬੇਨਤੀ ਕਰਦੀ ਹਾਂ ਕਿ ਉਹ ਆਪਣੀ ਜਵਾਨੀ ਨੂੰ ਜਰਦੇ ਅਤੇ ਅਫ਼ੀਮ ਤੋਂ ਬਚਾਅ ਕੇ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਕਰਨ। ਮੈਂ ਉਮੀਦ ਕਰਦੀ ਹਾਂ ਕਿ ਸਿੱਖ ਸਮਾਜ ਇਕ ਗ਼ੈਰ-ਸਿੱਖ ਕੁੜੀ ਦੀਆਂ ਦੁਖੀ ਭਾਵਨਾਵਾਂ ਵੱਲ ਧਿਆਨ ਦੇਵੇਗਾ।

**—ਸਵਿਤਾ ਰਸ਼ਿਮ**

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

**(ਅਜੀਤ, ਵੀਰਵਾਰ, 28 ਦਸੰਬਰ, 2000)**

24 ਜਨਵਰੀ 2008 ਦੀ 'ਸਪੋਕਸਮੈਨ' ਅਖ਼ਬਾਰ ਵਿਚ ਮਾਲਵੇ ਦੇ ਕੁਝ ਸਕੂਲਾਂ ਦਾ ਇਕ ਸਰਵੇ ਛਪਿਆ ਹੈ, ਜਿਸ ਅਨੁਸਾਰ ਕੇਵਲ 2% ਸਿੱਖ ਬੱਚੇ ਹੀ ਸਾਬਤ ਸੂਰਤ ਹਨ। ਸਰਵੇ ਦੇ ਨਾਲ ਫੋਟੋ ਵੀ ਛਪੀ ਹੈ, ਜਿਸ ਵਿਚ ਪਗੜੀਧਾਰੀ ਸਿੱਖ ਬੱਚਾ ਕੋਈ ਟਾਵਾਂ- ਟਾਵਾਂ ਹੀ ਨਜ਼ਰ ਆਉਂਦਾ ਹੈ। ਅਜਿਹੀ ਦਸ਼ਾ ਨੇ ਸਿੱਖ ਪੰਥ ਅਤੇ ਸਿੱਖੀ ਨਾਲ ਪਿਆਰ ਵਾਲਿਆਂ ਨੂੰ ਚਿੰਤਾ ਦੇ ਡੂੰਘੇ ਸਾਗਰਾਂ ਵਿਚ ਗੋਤੇ ਲੁਆਉਣੇ ਸ਼ੁਰੂ ਕਰ ਦਿੱਤੇ ਹਨ। ਉਹ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਹੁਣ ਕੀ ਕਰਨਾ ਚਾਹੀਦਾ ਹੈ ?

ਸਾਡੀ ਜਾਚੇ ਸਾਨੂੰ ਗੁਰੂ ਸਾਹਿਬਾਨ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਦੇ ਯਤਨਾਂ ਤੋਂ ਧਰਮ-ਪ੍ਰਚਾਰ ਦੀ ਮਹੱਤਤਾ ਦਾ ਵੀ ਗਿਆਨ ਹੋ ਜਾਂਦਾ ਹੈ।

## ਗੁਰੂ ਸਾਹਿਬਾਨ ਦੇ ਧਰਮ ਪ੍ਰਚਾਰ ਲਈ ਯਤਨ

### 1. ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਜਨਮ ਤੋਂ ਹੀ ਗੁਰੂ ਸਨ। ਇਸ ਲਈ ਉਨ੍ਹਾਂ ਨੇ ਆਪਣੇ ਬਚਪਨ ਵਿਚ ਹੀ ਆਪਣੇ ਹਾਣੀਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਧਰਮ ਜਾਂ ਪ੍ਰਭੂ ਨਾਲ ਜੋੜਨਾ ਸ਼ੁਰੂ ਕਰ ਦਿੱਤਾ ਸੀ। 9-10 ਸਾਲ ਦੀ ਉਮਰ ਵਿਚ ਜਨੇਊ ਪੁਆਉਣ ਤੋਂ ਇਨਕਾਰ ਕਰ ਦੇਣਾ ਅਤੇ ਪਾਂਧੇ ਨੂੰ ਸੱਚੇ ਜਨੇਊ ਬਾਰੇ ਉਪਦੇਸ਼ ਦੇਣਾ ਉਨ੍ਹਾਂ ਦਾ ਦਲੇਰਾਨਾ ਪ੍ਰਚਾਰਕ ਯਤਨ ਸੀ।

ਗੁਰੂ ਨਾਨਕ ਦੇਵ ਜੀ ਨੇ ਆਪ ਬਾਣੀ ਰਚੀ, ਭਗਤਾਂ ਦੀ ਬਾਣੀ ਇਕੱਤਰ ਕੀਤੀ, ਧਰਮ ਪ੍ਰਚਾਰ ਲਈ ਲੰਮੇ-

ਲੰਮੇ ਪ੍ਰਚਾਰ-ਸਫ਼ਰ (ਉਦਾਸੀਆਂ) ਲਾਏ ਅਤੇ ਹਜ਼ਾਰਾਂ ਮੀਲ ਪੈਦਲ ਸਫ਼ਰ ਕੀਤਾ। ਇਨ੍ਹਾਂ ਉਦਾਸੀਆਂ ਵਿਚ ਆਪ ਨੇ 'ਸੰਗਤਾਂ' ਕਾਇਮ ਕੀਤੀਆਂ ਅਤੇ ਪ੍ਰਚਾਰਕ ਥਾਪੇ। ਧਰਮ ਪ੍ਰਚਾਰ ਦਾ ਕੇਂਦਰ 'ਕਰਤਾਰਪੁਰ' ਸਥਾਪਿਤ ਕੀਤਾ ਜੋ ਰਾਵੀ ਦਰਿਆ ਦੇ ਕੰਢੇ 'ਤੇ ਅਤੇ ਪਾਕਿਸਤਾਨ ਵਿਚ ਹੈ। ਇਹ ਸਿੱਖਾਂ ਦਾ ਪਹਿਲਾ ਆਦਰਸ਼ਕ ਨਗਰ ਵੀ ਹੋ ਨਿਬੜਿਆ, ਜਿਸ ਤੋਂ ਸਿੱਖਾਂ ਦੇ ਨਿੱਜੀ ਅਤੇ ਸਮੂਹਿਕ ਜੀਵਨ ਦੀ ਝਲਕ ਪੈਂਦੀ ਸੀ।

ਇਥੇ ਸਿਧਾਂਤਾਂ ਨੂੰ ਵਿਵਹਾਰਿਕ ਤੌਰ 'ਤੇ ਵਰਤੋਂ ਵਿਚ ਲਿਆਂਦਾ ਗਿਆ। ਇਥੇ ਗੁਰੂ ਜੀ ਨੇ ਸੰਸਾਰਕ ਜੀਵਨ ਦੇ ਅੰਤਮ 18 ਸਾਲ ਗੁਜ਼ਾਰੇ। ਇਸ ਸਮੇਂ ਵੀ ਆਪ ਜੀ ਪ੍ਰਚਾਰਕ ਦੌਰਿਆਂ 'ਤੇ ਜਾਂਦੇ ਰਹੇ। ਆਪਣੇ ਲਗਾਤਾਰ ਪ੍ਰਚਾਰਕ ਯਤਨਾਂ ਰਾਹੀਂ ਆਪ ਜੀ ਨੇ ਇਹ ਗੱਲ ਸਮਝਾਈ ਕਿ ਕਿਸੇ ਧਰਮ ਦੀ ਵਿਚਾਰਧਾਰਾ ਭਾਵੇਂ ਕਿੰਨੀ ਵੀ ਉੱਤਮ ਹੋਵੇ, ਉਹ ਪ੍ਰਚਾਰ ਤੋਂ ਬਿਨਾਂ ਨਹੀਂ ਫੈਲ ਸਕਦਾ। ਇਨ੍ਹਾਂ ਯਤਨਾਂ ਨੂੰ ਜਾਰੀ ਰੱਖਣ ਅਤੇ ਸਿੱਖ ਲਹਿਰ ਦੇ ਵਿਕਾਸ ਲਈ ਆਪ ਜੀ ਨੇ ਗੁਰੂ-ਪ੍ਰਥਾ ਨੂੰ ਜਾਰੀ ਕੀਤਾ।

### 2. ਗੁਰੂ ਅੰਗਦ ਦੇਵ ਜੀ

ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਕੀਤਾ। ਆਪ ਨੇ ਬੱਚਿਆਂ ਲਈ ਪੰਜਾਬੀ ਦੇ ਕਾਇਦੇ ਲਿਖਵਾਏ ਤੇ ਬੱਚਿਆਂ ਦੀਆਂ ਕਲਾਸਾਂ ਲਾ ਕੇ ਉਨ੍ਹਾਂ ਨੂੰ ਪੰਜਾਬੀ ਅਤੇ ਗੁਰਮਤਿ ਦੀ ਸਿਖਿਆ ਦੇਣ ਦਾ ਰਿਵਾਜ ਤੋਰਿਆ; ਗੁਰਮੁਖੀ ਲਿਪੀ ਵਿਚ ਵੀ ਸੁਧਾਰ ਕੀਤਾ। ਬੱਚਿਆਂ ਅਤੇ ਨੌਜੁਆਨਾਂ ਨੂੰ ਸਿਹਤ ਪੱਖੋਂ ਬਲਵਾਨ ਬਣਾਉਣ ਲਈ ਮੱਲ ਅਖਾੜੇ ਕਾਇਮ ਕੀਤੇ, ਜਿਨ੍ਹਾਂ ਵਿਚ ਕੁਸ਼ਤੀਆਂ ਅਤੇ ਖੇਡਾਂ ਸਿਖਾਉਣ ਦਾ ਪ੍ਰਬੰਧ ਸੀ। ਆਪ ਨੇ ਗੁਰਬਾਣੀ ਦੇ ਗੁਟਕੇ ਲਿਖਵਾਏ ਅਤੇ ਗੁਰਬਾਣੀ ਦੀਆਂ ਪੰਗਤੀਆਂ ਦੇ ਕਿੱਤੇ (ਬੈਨਰ) ਤਿਆਰ ਕਰਵਾਏ। ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ, ਜਨਮ ਸਾਖੀ ਵੀ ਲਿਖਵਾਈ, ਜਿਸ ਨੂੰ ਮਗਰੋਂ ਗੁਰੂ ਘਰ ਦੇ ਵਿਰੋਧੀਆਂ (ਹਿੰਦਾਲੀਆਂ ਤੇ ਮੀਣਿਆਂ ਆਦਿ) ਨੇ ਵਿਗਾੜ ਦਿੱਤਾ ਤੇ ਅਸਲ ਜਨਮ-ਸਾਖੀ ਗਾਇਬ ਕਰ ਦਿੱਤੀ ਗਈ। ਆਪ ਨੇ ਖਡੂਰ ਸਾਹਿਬ ਨੂੰ ਨਵਾਂ ਪ੍ਰਚਾਰ ਕੇਂਦਰ ਬਣਾਇਆ।

### 3. ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਨੇ ਬਿਰਧ ਉਮਰ ਵਿਚ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਪਰ ਸਿੱਖ ਲਹਿਰ ਨੂੰ ਬੜੇ ਉਤਸ਼ਾਹ ਨਾਲ ਮਜ਼ਬੂਤ ਕੀਤਾ। ਆਪ ਧਰਮ ਪ੍ਰਚਾਰ ਲਈ ਹਿੰਦੂਆਂ ਦੇ ਧਰਮ-ਅਸਥਾਨਾਂ (ਤੀਰਥਾਂ) ਕੁਰੂਕਸ਼ੇਤਰ ਅਤੇ ਹਰਿਦੁਆਰ ਆਦਿ ਵਿਖੇ ਗਏ। ਆਪ ਜੀ ਦੀ ਇਸ ਪ੍ਰਚਾਰ ਯਾਤਰਾ ਦੇ ਮਨੋਰਥ ਨੂੰ ਮਗਰੋਂ ਗੁਰੂ ਰਾਮਦਾਸ ਜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ :

**ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ ॥**

(ਤੁਖਾਰੀ, ਮਹਲਾ ੪, ੧੧੧੬)

ਆਪ ਨੇ ਸਿੱਖੀ ਪ੍ਰਭਾਵ ਵਾਲੇ ਇਲਾਕਿਆਂ ਨੂੰ 22 ਭਾਗਾਂ ਵਿਚ ਵੰਡ ਕੇ 22 ਪ੍ਰਚਾਰਕ ਨਿਯਤ ਕੀਤੇ। ਇਨ੍ਹਾਂ ਪ੍ਰਚਾਰਕਾਂ ਨੂੰ 'ਮੰਜੀਦਾਰ' ਅਤੇ ਪ੍ਰਚਾਰ-ਕੇਂਦਰਾਂ ਨੂੰ 'ਮੰਜੀਆਂ' ਕਿਹਾ ਜਾਂਦਾ ਸੀ। ਇਨ੍ਹਾਂ ਮੁਖ ਕੇਂਦਰਾਂ ਦੇ ਅਧੀਨ 52 ਉਪ-ਪ੍ਰਚਾਰ ਕੇਂਦਰ 'ਪੀਹੜੇ' (ਜਾਂ ਪੀਹੜੀਆਂ) ਸਥਾਪਿਤ ਕੀਤੇ ਗਏ।

ਗੁਰੂ ਅਮਰਦਾਸ ਜੀ ਨੇ ਅੰਤਮ ਸੰਸਕਾਰ ਦੀਆਂ ਰਸਮਾਂ ਵਿਚ ਸੁਧਾਰ ਕੀਤਾ। ਆਪ ਦੇ ਪੜਪੋਤੇ ਬਾਬਾ ਸੁੰਦਰ ਜੀ ਦੁਆਰਾ ਲਿਖੀ ਬਾਣੀ 'ਸਦੁ' ਵਿਚ ਆਪ ਜੀ ਵਲੋਂ ਦਿੱਤੀਆਂ ਸੇਧਾਂ ਬਿਆਨ ਕੀਤੀਆਂ ਗਈਆਂ ਹਨ। ਜਾਤ-ਪਾਤ, ਸੁੱਚ-ਭਿੱਟ ਦੇ ਵਿਚਾਰ ਨੂੰ ਮੂਲੋਂ ਮੁਕਾਉਣ ਲਈ ਲੰਗਰ ਦੀ ਪ੍ਰਥਾ ਨੂੰ ਮਜ਼ਬੂਤ ਕੀਤਾ। ਗੁਰੂ ਦਰਬਾਰ ਵਿਚ ਆਉਣ ਵਾਲਿਆਂ ਲਈ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ। ਆਪ ਨੇ ਇਸਤਰੀ ਜਾਤੀ ਦੇ ਮਾਣ- ਸਤਿਕਾਰ ਲਈ ਕਈ ਸੁਧਾਰ ਕੀਤੇ। ਕਈ ਬੀਬੀਆਂ ਨੂੰ ਧਰਮ ਪ੍ਰਚਾਰ ਦੀ ਸੇਵਾ ਵਿਚ ਲਾਇਆ; ਜਿਨ੍ਹਾਂ ਵਿਚ ਮਾਈ ਸੇਵਾਂ, ਮੱਥੋ ਤੇ ਬੀਬੀ ਭਾਗੋ ਦੇ ਨਾਮ ਵਰਨਣਯੋਗ ਹਨ।

ਆਪ ਨੇ ਸਿੱਖੀ ਦਾ ਨਵਾਂ ਕੇਂਦਰ 'ਗੋਇੰਦਵਾਲ' ਸਥਾਪਿਤ ਕੀਤਾ ਤੇ ਉਥੇ ਜਾਤ- ਪਾਤ ਦਾ ਭਰਮ ਅਤੇ ਵਗਦੇ ਪਾਣੀ (ਨਦੀ-ਦਰਿਆ) ਵਿਚ ਨਹਾਉਣ ਦਾ ਭਰਮ ਤੋੜਨ ਲਈ 'ਬਾਉਲੀ' ਸਥਾਪਿਤ ਕੀਤੀ। ਆਪ ਨੇ ਸਿੱਖਾਂ ਦਾ ਕੇਂਦਰੀ ਅਸਥਾਨ ਵਸਾਉਣ ਦਾ (ਗੁਰੂ) ਰਾਮਦਾਸ ਜੀ ਨੂੰ ਹੁਕਮ ਕੀਤਾ।

### 4. ਗੁਰੂ ਰਾਮਦਾਸ ਜੀ

ਸਿੱਖੀ ਇੰਨੀ ਤੇਜ਼ੀ ਨਾਲ ਫੈਲ ਰਹੀ ਸੀ ਕਿ ਪ੍ਰਚਾਰ ਲਈ 22 ਮੰਜੀਆਂ ਤੇ 52 ਪੀਹੜੇ ਵੀ ਥੋੜ੍ਹੇ ਜਾਪਦੇ ਸਨ। ਗੁਰੂ ਰਾਮਦਾਸ ਜੀ ਨੇ ਮਸੰਦ-ਪ੍ਰਥਾ ਤੋਰੀ। ਮਸੰਦ ਗੁਰੂ ਸਾਹਿਬ ਦੇ ਪ੍ਰਤੀਨਿਧ ਹੁੰਦੇ ਸਨ ਜੋ ਧਰਮ ਪ੍ਰਚਾਰ ਦੇ ਨਾਲ ਸੰਗਤਾਂ ਦੀ ਕਾਰ-ਭੇਟ (ਮਾਇਕ ਭੇਟਾ) ਕੇਂਦਰੀ-ਖਜ਼ਾਨੇ ਅਥਵਾ ਗੁਰੂ-ਦਰਬਾਰ ਵਿਚ ਪਹੁੰਚਾਉਂਦੇ ਸਨ।

ਆਪ ਜੀ ਨੇ ਸਿੱਖਾਂ ਦਾ ਕੇਂਦਰੀ ਸ਼ਹਿਰ 'ਗੁਰੂ ਕਾ ਚੱਕ' (ਅੰਮ੍ਰਿਤਸਰ) ਵਸਾਉਣਾ ਅਰੰਭ ਕੀਤਾ। ਵੱਖ-ਵੱਖ ਬਵੰਜਾ ਕਿੱਤਿਆਂ ਵਿਚ ਨਿਪੁੰਨ ਲੋਕਾਂ ਨੂੰ ਇਸ ਨਗਰ ਵਿਚ ਵਸਾਇਆ। ਇਸ ਤਰ੍ਹਾਂ ਦਸਤਕਾਰੀ ਹੁਨਰ ਅਤੇ ਵਪਾਰ ਵਿਚ ਸਿੱਖਾਂ ਨੇ ਉੱਨਤੀ ਕੀਤੀ ਅਤੇ ਕਿਰਤ ਦੇ ਅਸੂਲ ਨੂੰ ਅਮਲੀ ਤੌਰ 'ਤੇ ਪ੍ਰਚਾਰਿਆ।

### 5. ਗੁਰੂ ਅਰਜਨ ਦੇਵ ਜੀ

ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਸਿੱਖੀ ਪੂਰੇ ਦੇਸ਼ ਵਿਚ ਅਤੇ ਅਫ਼ਗਾਨਿਸਤਾਨ ਦੇ ਕੁਝ ਇਲਾਕਿਆਂ ਤੱਕ ਫੈਲ ਚੁੱਕੀ ਸੀ। ਗੁਰੂ ਅਰਜਨ ਦੇਵ ਜੀ ਨੇ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਰਪੂਰ ਯਤਨ ਕੀਤੇ ਜਿਨ੍ਹਾਂ ਸਦਕਾ ਹਿੰਦੂ ਅਤੇ ਮੁਸਲਮਾਨ ਬੜੀ ਤੇਜ਼ੀ ਨਾਲ ਸਿੱਖ ਧਰਮ ਵਿਚ ਸ਼ਾਮਿਲ ਹੋਣੇ ਸ਼ੁਰੂ ਹੋ ਗਏ ਸਨ।

ਇਸੇ ਕਰਕੇ ਹੀ ਫਿਰਕਾਪ੍ਰਸਤਾਂ ਨੇ ਅਕਬਰ ਪਾਸ, ਲਾਹੌਰ ਵਿਖੇ, ਇਹ ਸ਼ਿਕਾਇਤ ਕੀਤੀ ਕਿ ਗੁਰਬਾਣੀ ਵਿਚ ਹਜ਼ਰਤ ਮੁਹੰਮਦ ਸਾਹਿਬ, ਇਸਲਾਮ ਅਤੇ ਹਿੰਦੂ ਧਾਰਮਿਕ ਵਿਸ਼ਵਾਸਾਂ ਦੇ ਦੇਵੀ-ਦੇਵਤਿਆਂ ਦੀ ਨਿਰਾਦਰੀ

ਕੀਤੀ ਗਈ ਹੈ। ਅਕਬਰ ਨੇ ਗੋਇੰਦਵਾਲ ਵਿਖੇ ਪਹੁੰਚ ਕੇ ਗੁਰਬਾਣੀ ਦਾ ਪਾਠ ਸੁਣਿਆ, ਉਸ ਨੂੰ ਗੁਰੂ-ਨਿੰਦਕਾਂ ਦੀ ਸ਼ਿਕਾਇਤ ਝੂਠੀ ਜਾਪੀ।

ਉਸਨੇ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕੀਤਾ। ਸੰਨ 1605 ਵਿਚ ਅਕਬਰ ਦੀ ਮੌਤ ਹੋ ਗਈ ਅਤੇ ਜਹਾਂਗੀਰ ਤਖ਼ਤ 'ਤੇ ਬੈਠਾ ਜੋ ਫਿਰਕਾਪ੍ਰਸਤੀ ਅਤੇ ਮਜ਼ਹਬੀ ਈਰਖਾ ਨਾਲ ਭਰਿਆ ਹੋਇਆ ਸੀ। ਉਹ ਸਿੱਖੀ ਦੇ ਵਧ ਰਹੇ ਪ੍ਰਭਾਵ ਤੋਂ ਬਹੁਤ ਪ੍ਰੇਸ਼ਾਨ ਸੀ, ਜਿਸਦਾ ਜ਼ਿਕਰ ਉਸ ਨੇ ਆਪਣੀ ਸ੍ਵੈ-ਜੀਵਨੀ 'ਤੁਜ਼ਕ-ਇ-ਜਹਾਂਗੀਰੀ' ਵਿਚ ਕੀਤਾ ਹੈ। ਦਿਨੋ- ਦਿਨ ਮਜ਼ਬੂਤ ਹੋ ਰਹੀ ਸਿੱਖ-ਲਹਿਰ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਗੁਰੂ ਅਰਜਨ ਦੇਵ ਜੀ ਨੇ ਜਿਥੇ ਕੇਂਦਰੀ ਧਰਮ ਅਸਥਾਨ 'ਸ੍ਰੀ ਹਰਿਮੰਦਰ ਸਾਹਿਬ' (ਦਰਬਾਰ ਸਾਹਿਬ) ਦੀ ਸਥਾਪਨਾ ਕੀਤੀ, ਉਥੇ ਤਰਨਤਾਰਨ ਅਤੇ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਦੇ ਸਿੱਖ-ਪ੍ਰਭਾਵੀ ਨਗਰ ਤੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਕਾਲ ਅਤੇ ਬੀਮਾਰੀਆਂ ਦੇ ਸਮੇਂ ਆਪ ਨੇ 1590 ਤੋਂ 1601 ਤੱਕ ਲਗਾਤਾਰ ਚਾਰ ਪ੍ਰਚਾਰ ਦੌਰੇ ਲਗਾਏ, ਇਸ ਸਮੇਂ ਕਾਲ-ਪੀੜਤਾਂ ਤੇ ਬੀਮਾਰਾਂ ਦੀ ਸੇਵਾ-ਸੰਭਾਲ ਕੀਤੀ ਤੇ ਪਿੰਡਾਂ ਵਿਚ ਖੂਹ ਲਗਵਾਏ।

ਇਸ ਤੋਂ ਪਹਿਲਾਂ ਆਪ ਨੇ ਦਸਵੰਧ ਦੀ ਪ੍ਰਥਾ ਵੀ ਜਾਰੀ ਕੀਤੀ ਸੀ, ਜਿਸ ਅਨੁਸਾਰ ਸਿੱਖ ਸੰਗਤਾਂ ਲਈ ਇਹ ਜ਼ਰੂਰੀ ਕਰ ਦਿੱਤਾ ਕਿ ਉਹ ਆਪਣੀ ਕਿਰਤ-ਕਮਾਈ ਦਾ ਦਸਵਾਂ ਹਿੱਸਾ ਕੇਂਦਰੀ-ਖ਼ਜ਼ਾਨੇ ਵਿਚ ਜਮ੍ਹਾਂ ਕਰਵਾਉਣ। ਦਸਵੰਧ ਦੇ ਧਨ ਨਾਲ ਹੀ ਨਵੇਂ ਸ਼ਹਿਰ ਤੇ ਧਰਮ ਅਸਥਾਨ ਬਣਾਏ ਗਏ ਅਤੇ ਸਮਾਜ-ਭਲਾਈ ਦੇ ਕਾਰਜ ਕੀਤੇ ਗਏ। ਪਹਿਲੇ ਚਾਰ ਸਤਿਗੁਰਾਂ ਦੀ ਬਾਣੀ ਤੇ ਭਗਤਾਂ ਦੀ ਬਾਣੀ ਆਪ ਜੀ ਤੱਕ ਪੁੱਜ ਚੁੱਕੀ ਸੀ। ਆਪ ਜੀ ਨੇ ਆਪ ਬਾਣੀ ਰਚੀ ਤੇ ਭਾਈ ਸੱਤਾ ਤੇ ਬਲਵੰਡ ਦੀ ਵਾਰ ਸਮੇਤ ਸਾਰੀ ਬਾਣੀ ਦੀ ਸੰਪਾਦਨਾ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ। ਇਸ ਤਰ੍ਹਾਂ ਸਿੱਖਾਂ ਨੂੰ ਆਪਣਾ ਧਰਮ ਗ੍ਰੰਥ ਮਿਲ ਗਿਆ।

ਗੁਰੂ ਜੀ ਦੇ ਯਤਨਾਂ ਸਦਕਾ ਸਿੱਖ ਇਕ ਮਜ਼ਬੂਤ (ਸੰਗਠਿਤ) ਸਮਾਜ ਦਾ ਰੂਪ ਧਾਰ ਚੁੱਕੇ ਸਨ। ਇਸ ਸੰਬੰਧ ਵਿਚ 'ਦਬਿਸਤਾਨਿ-ਮਜ਼ਾਹਬ' ਦੇ ਲੇਖਕ ਮੋਹਸਿਨ ਫ਼ਾਨੀ ਦੇ ਇਹ ਸ਼ਬਦ ਵਿਸ਼ੇਸ਼ ਮਹੱਤਤਾ ਰੱਖਦੇ ਹਨ :

'ਹਰੇਕ ਗੁਰੂ-ਵਿਅਕਤੀ ਦੇ ਸਮੇਂ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਇਆ ਅਤੇ ਗੁਰੂ ਅਰਜਨ ਮੱਲ (ਦੇਵ) ਦੇ ਸਮੇਂ ਸਿੱਖ ਭਾਰੀ ਗਿਣਤੀ ਵਿਚ ਹੋ ਗਏ। ਕੋਈ ਅਜਿਹਾ ਵੱਡਾ ਸ਼ਹਿਰ ਦੇਸ਼ ਵਿਚ ਨਹੀਂ ਸੀ ਜਿਥੇ ਕੁਝ ਨਾ ਕੁਝ ਸਿੱਖ ਨਾ ਵੱਸਦੇ ਹੋਣ।'

**6. ਗੁਰੂ ਹਰਿਗੋਬਿੰਦ ਸਾਹਿਬ**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਹਕੂਮਤ ਸਿੱਖਾਂ ਨੂੰ ਦਬਾਉਣ ਲਈ ਹੋਰ ਸਖ਼ਤੀ ਕਰੇਗੀ। ਹਕੂਮਤ ਦੀਆਂ ਸੰਭਾਵੀ ਸਖ਼ਤੀਆਂ ਦਾ ਟਾਕਰਾ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਨੂੰ ਵਿਸ਼ੇਸ਼ ਯਤਨ ਕਰਨੇ ਪਏ, ਜਿਵੇਂ ਕਿ ਸਿੱਖ-ਜੁਆਨਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣੀ, ਗੁਰਬਾਣੀ ਕੀਰਤਨ

ਦੇ ਨਾਲ ਬੀਰ-ਰਸੀ ਵਾਰਾਂ ਦੇ ਗਾਇਨ ਦਾ ਰਿਵਾਜ ਤੋਰਨਾ, ਸਿੱਖ ਫੌਜ ਬਣਾਉਣੀ, ਸ਼ਿਕਾਰ ਖੇਡਣਾ ਅਤੇ ਸਿੱਖਾਂ ਵਿਚ ਚੜ੍ਹਦੀ ਕਲਾ ਦੇ ਸੰਚਾਰ ਲਈ ਅਤੇ ਸਿਆਸੀ ਸੂਝ ਭਰਨ ਲਈ 'ਸ੍ਰੀ ਅਕਾਲ ਤਖ਼ਤ' ਦੀ ਰਚਨਾ ਕਰਨੀ। ਮਗਰੋਂ ਜਾ ਕੇ ਮੁਗ਼ਲ ਫੌਜਾਂ ਨਾਲ ਜੰਗ ਵੀ ਕਰਨੇ ਪਏ। ਇੰਨੇ ਰੁਝੇਵੇਂ ਹੋਣ ਦੇ ਬਾਵਜੂਦ ਵੀ ਗੁਰੂ ਪਾਤਸ਼ਾਹ ਨੇ ਸਿੱਖ ਧਰਮ ਦੇ ਪ੍ਰਚਾਰ ਵੱਲ ਪੂਰਾ ਧਿਆਨ ਦਿੱਤਾ। ਆਪ ਨੇ ਪੰਜਾਬ ਦੇ ਇਲਾਕਿਆਂ ਮਾਝਾ, ਮਾਲਵਾ ਤੇ ਦੁਆਬਾ ਤੋਂ ਸਿਵਾ ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਜਾ ਕੇ ਧਰਮ ਪ੍ਰਚਾਰ ਕੀਤਾ। ਇਕ ਪ੍ਰਚਾਰ ਯਾਤਰਾ ਵਿਚ ਆਪ ਲਾਹੌਰ, ਸਿਆਲਕੋਟ, ਮੀਰਪੁਰ, ਸ੍ਰੀ ਨਗਰ (ਕਸ਼ਮੀਰ) ਤੱਕ ਗਏ। ਧਰਮ- ਪ੍ਰਚਾਰ ਦੇ ਨਾਲ-ਨਾਲ ਗਿਲਟੀ ਤਾਪ ਤੋਂ ਪੀੜਤ ਲੋਕਾਂ ਦੀਆਂ ਦਵਾਈਆਂ ਨਾਲ ਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਕੀਤੀ। ਉਥੋਂ ਆਪ ਬਾਰਾਮੂਲਾ, ਮੁਜ਼ਫਰਾਬਾਦ, ਹਸਨ ਅਬਦਾਲ (ਪੰਜਾ ਸਾਹਿਬ), ਗੁਜਰਾਤ, ਹਾਫ਼ਜ਼ਾਬਾਦ ਹੁੰਦੇ ਨਨਕਾਣਾ ਸਾਹਿਬ ਆਏ ਅਤੇ ਲਾਹੌਰ ਹੋ ਕੇ ਅੰਮ੍ਰਿਤਸਰ ਪੁੱਜੇ। ਇਸ ਪ੍ਰਚਾਰ ਯਾਤਰਾ ਵਿਚ ਆਪ ਜੀ ਨੇ ਕਈ ਪ੍ਰਚਾਰ-ਕੇਂਦਰ ਕਾਇਮ ਕੀਤੇ ਅਤੇ ਯੋਗ ਸੱਜਣਾਂ ਨੂੰ ਸਿੱਖੀ ਪ੍ਰਚਾਰ ਦੀ ਸੇਵਾ ਸੌਂਪੀ। ਦੂਜੀ ਪ੍ਰਚਾਰ ਯਾਤਰਾ ਵਿਚ ਆਪ ਜੀ ਉੱਤਰ ਪ੍ਰਦੇਸ਼ ਦੇ ਇਲਾਕਿਆਂ ਵਿਚ ਗਏ। ਗੜ੍ਹ ਮੁਕਤੇਸ਼ਵਰ, ਮੁਰਾਦਾਬਾਦ ਤੋਂ ਹੋ ਕੇ ਨਾਨਕਮਤਾ ਪਹੁੰਚੇ। ਉਥੇ ਸਿੱਖੀ ਦੇ ਪ੍ਰਸਿੱਧ ਪ੍ਰਚਾਰਕ ਬਾਬਾ ਅਲਮਸਤ ਜੀ ਨੂੰ ਮਿਲੇ।

ਫਿਰ ਬਰੇਲੀ, ਲਸਕਰ, ਰਿਸ਼ੀਕੇਸ਼ ਤੇ ਗੜ੍ਹਵਾਲ ਦੀ ਰਿਆਸਤ ਸ੍ਰੀ ਨਗਰ ਗਏ। ਉਥੇ ਪ੍ਰਸਿੱਧ ਸੰਤ ਸਮਰੱਥ ਰਾਮਦਾਸ ਨਾਲ ਮੁਲਾਕਾਤ ਕੀਤੀ। ਵਾਪਸੀ 'ਤੇ ਹਰਿਦੁਆਰ, ਸਹਾਰਨਪੁਰ, ਜਗਾਧਰੀ, ਕੁਰੂਕਸ਼ੇਤਰ, ਕੈਥਲ ਤੋਂ ਹੁੰਦੇ ਅੰਮ੍ਰਿਤਸਰ ਆਏ। ਇਨ੍ਹਾਂ ਵੱਡੀਆਂ ਪ੍ਰਚਾਰ ਯਾਤਰਾਵਾਂ ਤੋਂ ਸਿਵਾ ਆਪ ਜੀ ਨੇ ਸਿੱਖੀ ਤੋਂ ਦੂਰ ਗਏ ਉਦਾਸੀਆਂ ਨੂੰ ਬਾਬਾ ਗੁਰਦਿੱਤਾ ਜੀ ਦੀ ਅਗਵਾਈ ਵਿਚ ਮੁੜ ਸਿੱਖ ਪ੍ਰਚਾਰ ਵਿਚ ਲਾ ਦਿੱਤਾ। ਸਿੱਖੀ ਪ੍ਰਚਾਰ ਦੇ ਚਾਰ ਵੱਡੇ ਕੇਂਦਰ (ਧੂਣੇ) ਬਾਬਾ ਅਲਮਸਤ, ਬਾਬਾ ਬਾਲੂ ਹਸਨਾ, ਬਾਬਾ ਫੂਲਸ਼ਾਹ ਅਤੇ ਬਾਬਾ ਗੋਂਦਾ ਜੀ ਦੀ ਦੇਖ-ਰੇਖ ਵਿਚ ਕਾਇਮ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਹੁਕਮ ਦੇ ਕੇ ਨਵਾਂ ਨਵਾਂ ਪ੍ਰਚਾਰ ਕੇਂਦਰ ਤੇ ਸਿੱਖ ਪ੍ਰਭਾਵੀ ਨਗਰ 'ਕੀਰਤਪੁਰ' ਵਸਾਇਆ। ਆਪ ਜੀ ਦੇ ਸਮੇਂ ਭਾਈ ਗੁਰਦਾਸ ਜੀ, ਭਾਈ ਅਲਮਸਤ ਤੇ ਨੱਥਾ ਜੀ ਨੇ ਪੂਰਬੀ ਭਾਰਤ, ਉੜੀਸਾ ਤੇ ਬੰਗਾਲ ਵਿਚ ਪ੍ਰਚਾਰ ਦੀ ਸੇਵਾ ਨਿਭਾਈ। ਕਾਬਲ ਵਿਚ ਭਾਈ ਤਿਲੋਕਾ, ਭਾਈ ਕਟਾਰੂ ਤੇ ਬਲਖ ਵਿਚ ਭਾਈ ਸਾਧਾ ਜੀ ਨੂੰ ਪ੍ਰਚਾਰ ਲਈ ਭੇਜਿਆ ਗਿਆ। ਪੰਜਾਬ ਵਿਚ ਭਾਈ ਤਿਲਕਾ, ਭਾਈ ਗੋਇੰਦਾ (ਗੋਂਦਾ), ਭਾਈ ਫੂਲ, ਖ਼ਵਾਜ਼ਾ ਰੌਸ਼ਨ, ਜਾਨੀ ਸ਼ਾਹ, ਭਾਈ ਸਾਈਂ ਦਾਸ (ਡਰੋਲੀ), ਭਾਈ ਸਾਧੂ, ਭਾਈ ਰੂਪਾ ਅਤੇ ਕਸ਼ਮੀਰ ਵਿਚ ਭਾਈ ਗੜ੍ਹੀਆ, ਭਾਈ ਸਾਈਂਦਾਸ, ਭਾਈ ਝੰਡਾ, ਭਾਈ ਕੱਟੂ ਆਦਿ ਧਰਮ ਪ੍ਰਚਾਰ ਵਿਚ ਜੁਟੇ ਹੋਏ ਸਨ।

ਗੁਰੂ ਜੀ ਦੇ ਸੰਗਠਿਤ ਤੇ ਵਿਉਂਤਬੱਧ ਯਤਨਾਂ ਸਦਕਾ ਹਜ਼ਾਰਾਂ ਅਨਧਰਮੀ ਸਿੱਖੀ ਵਿਚ ਦਾਖ਼ਲ ਹੋਏ। 7. ਗੁਰੂ ਹਰਿ ਰਾਇ ਜੀ ਗੁਰੂ ਹਰਿਰਾਇ ਜੀ ਵੇਲੇ ਸਿੱਖੀ ਪ੍ਰਚਾਰ ਦਾ ਮੁਖ ਕੇਂਦਰ ਕੀਰਤਪੁਰ ਸਾਹਿਬ ਸੀ। ਆਪ ਜੀ ਨੇ

ਗੁਰਮਤਿ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਲਈ ਦੁਆਬੇ ਅਤੇ ਮਾਲਵੇ ਦੀ ਦੋ ਵਾਰ ਪ੍ਰਚਾਰ ਯਾਤਰਾ ਕੀਤੀ। ਪਹਿਲੀ ਯਾਤਰਾ ਵਿਚ ਆਪ ਕਰਤਾਰਪੁਰ (ਜ਼ਿਲ੍ਹਾ ਜਲੰਧਰ), ਡਰੋਲੀ, ਮੇਹਰਾਜ, ਕੁਰੁਕਸ਼ੇਤਰ, ਅੰਬਾਲਾ ਆਦਿ ਵਿਖੇ ਗਏ। ਦੂਜੀ ਯਾਤਰਾ ਸਮੇਂ ਆਪ ਖਡੂਰ ਸਾਹਿਬ, ਗੋਇੰਦਵਾਲ, ਨਨਕਾਣਾ ਸਾਹਿਬ, ਚੂਹੜਕਾਣਾ, ਕਰਤਾਰਪੁਰ (ਰਾਵੀ), ਸਿਆਲਕੋਟ ਅਤੇ ਜੰਮੂ-ਕਸ਼ਮੀਰ ਦੇ ਇਲਾਕਿਆਂ ਵਿਚ ਗਏ। ਆਪ ਜੀ ਨੇ ਚਾਰ ਮਸੰਦਾਂ ਭਾਈ ਬਹਿਲੋ, ਭਾਈ ਭੁੰਦੜ, ਭਾਈ ਪੰਜਾਬ ਅਤੇ ਭਾਈ ਭਗਤੂ ਜੀ ਨੂੰ ਮਾਲਵੇ ਵਿਚ ਪ੍ਰਚਾਰ ਦੀ ਸੇਵਾ 'ਤੇ ਲਾਇਆ ਹੋਇਆ ਸੀ।

ਗੁਰੂ ਹਰਿ ਰਾਇ ਜੀ ਨੇ ਤਿੰਨ ਉਦਾਸੀ ਮਹਾਤਮਾਵਾਂ—ਭਾਈ ਸੁਥਰੇ ਸ਼ਾਹ, ਭਾਈ ਭਗਤ ਭਗਵਾਨ ਅਤੇ ਭਾਈ ਫੇਰੂ ਜੀ ਦੀ ਸਪੁਰਦਗੀ ਵਿਚ ਤਿੰਨ ਬਖ਼ਸ਼ਿਸ਼ਾਂ (ਪ੍ਰਚਾਰ ਕੇਂਦਰ) ਕਾਇਮ ਕੀਤੀਆਂ ਸਨ। ਭਗਤ ਭਗਵਾਨ ਜੀ ਪਹਿਲੀ ਵਾਰ ਆਪਣੇ 360 ਸਾਥੀਆਂ ਸਮੇਂ ਗੁਰੂ ਹਰਿ ਰਾਇ ਜੀ ਦੇ ਦਰਬਾਰ ਵਿਚ ਬਿਹਾਰ ਤੋਂ ਆਏ ਸਨ। ਆਪ ਨੇ ਪੂਰਬੀ ਭਾਰਤ, ਖਾਸ ਤੌਰ 'ਤੇ ਬਿਹਾਰ ਪ੍ਰਾਂਤ ਵਿਚ ਧਰਮ-ਪ੍ਰਚਾਰ ਦੇ ਅਨੇਕ ਕੇਂਦਰ ਆਪਣੇ 360 ਸੇਵਕ-ਚੇਲਿਆਂ ਦੇ ਪ੍ਰਬੰਧ ਹੇਠ ਖੋਹਲੇ ਸਨ।

**8. ਗੁਰੂ ਹਰਿਕ੍ਰਿਸ਼ਨ ਜੀ**

ਗੁਰੂ ਹਰਿਕ੍ਰਿਸ਼ਨ ਜੀ ਬਹੁਤ ਥੋੜ੍ਹੇ ਸਮੇਂ ਲਈ ਗੁਰਗੱਦੀ 'ਤੇ ਬਿਰਾਜਮਾਨ ਰਹੇ, ਫਿਰ ਵੀ ਉਨ੍ਹਾਂ ਨੇ ਧਰਮ-ਪ੍ਰਚਾਰ ਦੇ ਖੇਤਰ ਵਿਚ ਯੋਗ-ਅਗਵਾਈ ਦਿੱਤੀ। ਦਿੱਲੀ ਜਾਣ ਸਮੇਂ ਉਹ ਥਾਂ-ਥਾਂ ਗੁਰਮਤਿ ਦਾ ਸੰਦੇਸ਼ ਫੈਲਾਉਂਦੇ ਰਹੇ। ਪੰਜੋਖਰਾ ਸਾਹਿਬ (ਜ਼ਿਲ੍ਹਾ ਅੰਬਾਲਾ) ਆਪ ਦੇ ਧਰਮ-ਪ੍ਰਚਾਰ ਦੀ ਪ੍ਰਸਿੱਧ ਯਾਦਗਾਰ ਹੈ। ਆਪ ਨੇ ਦਿੱਲੀ ਵਾਲਾ ਪ੍ਰਚਾਰ-ਕੇਂਦਰ ਹੋਰ ਮਜ਼ਬੂਤ ਕੀਤਾ ਅਤੇ ਦਿੱਲੀ ਵਿਚ ਚਰਨਾਮ੍ਰਿਤ ਦੁਆਰਾ ਹਜ਼ਾਰਾਂ ਲੋਕਾਂ ਨੂੰ ਸਿੱਖੀ ਵਿਚ ਦਾਖਲ ਕੀਤਾ।

**9. ਗੁਰੂ ਤੇਗ ਬਹਾਦਰ ਜੀ**

ਗੁਰੂ ਤੇਗ ਬਹਾਦਰ ਜੀ ਨੇ ਬੜੀ ਦੂਰ-ਦੂਰ ਤੱਕ ਦੇ ਇਲਾਕਿਆਂ ਦੇ ਦੌਰੇ ਕੀਤੇ। ਪੰਜਾਬ ਵਿਚ ਤਾਂ ਆਪ ਨੇ ਮਾਝਾ, ਮਾਲਵਾ ਤੇ ਦੁਆਬੇ ਵਿਚ ਪ੍ਰਚਾਰ ਕੀਤਾ ਹੀ; ਇਸ ਤੋਂ ਸਿਵਾ ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਤੇ ਆਸਾਮ ਤੱਕ ਗੁਰਮਤਿ ਦੀ ਖੁਸ਼ਬੂ ਨੂੰ ਫੈਲਾਇਆ। ਇਸ ਕਾਰਜ ਲਈ ਆਪ ਜੀ ਨੇ ਦੋ ਵਾਰ ਲੰਮੀਆਂ-ਲੰਮੀਆਂ ਪ੍ਰਚਾਰ ਯਾਤਰਾਵਾਂ ਕੀਤੀਆਂ—ਇਕ ਗੁਰੂ ਬਣਨ ਤੋਂ ਪਹਿਲਾਂ ਤੇ ਦੂਜੀ ਗੁਰੂ ਬਣਨ ਦੇ ਮਗਰੋਂ। ਇਨ੍ਹਾਂ ਯਾਤਰਾਵਾਂ ਵਿਚ ਆਪ ਉਨ੍ਹਾਂ ਸ਼ਹਿਰਾਂ/ਧਰਮ-ਅਸਥਾਨਾਂ 'ਤੇ ਗਏ ਜਿਥੇ ਪਹਿਲੀ ਉਦਾਸੀ ਵਿਚ ਗੁਰੂ ਨਾਨਕ ਦੇਵ ਜੀ ਗਏ ਸਨ, ਇਨ੍ਹਾਂ 'ਚੋਂ ਮੁਖ ਹਨ : ਕੁਰੁਕਸ਼ੇਤਰ, ਹਰਿਦੁਆਰ, ਦਿੱਲੀ, ਮਥੁਰਾ, ਆਗਰਾ, ਪ੍ਰਯਾਗ (ਅਲਾਹਾਬਾਦ), ਬਨਾਰਸ, ਗਯਾ, ਪਟਨਾ, ਢਾਕਾ, ਆਸਾਮ ਆਦਿ। ਧਰਮ-ਪ੍ਰਚਾਰ ਦੇ ਨਾਲ-ਨਾਲ ਆਪ ਨੇ ਚੜ੍ਹਦੀ ਕਲਾ ਵਿਚ ਰਹਿਣ ਦਾ ਉਪਦੇਸ਼ ਦਿੱਤਾ ਤੇ ਫੁਰਮਾਇਆ :

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥**

**ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥ ੧੬ ॥**

(ਸਲੋਕ ਮਹਲਾ ੯, ੧੪੨੭)

ਆਪ ਨੇ ਧਰਮ ਪ੍ਰਚਾਰ ਦਾ ਨਵਾਂ ਕੇਂਦਰ ਅਨੰਦਪੁਰ ਸਾਹਿਬ (ਚੱਕ ਨਾਨਕੀ) ਸਥਾਪਿਤ ਕੀਤਾ। ਆਪ ਜੀ ਦੀ ਧਾਰਮਿਕ ਸੁਤੰਤਰਤਾ ਲਈ ਕੁਰਬਾਨੀ ਨੇ ਵੀ ਹਜ਼ਾਰਾਂ ਲੋਕਾਂ ਨੂੰ ਸਿੱਖ ਸਜਣ ਦੀ ਪ੍ਰੇਰਨਾ ਦਿੱਤੀ।

**10. ਗੁਰੂ ਗੋਬਿੰਦ ਸਿੰਘ ਜੀ**

ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਸੰਘਰਸ਼ ਵਿਚ ਗੁਜ਼ਰਿਆ ਹੈ; ਸਰਕਾਰ ਅਤੇ ਪਹਾੜੀ ਰਾਜਿਆਂ ਨਾਲ ਜੰਗ-ਯੁੱਧ ਹੁੰਦੇ ਰਹੇ ਹਨ। ਫਿਰ ਵੀ ਆਪ ਜੀ ਨੂੰ ਜਦੋਂ ਸਮਾਂ ਮਿਲਿਆ ਆਪ ਜੀ ਨੇ ਸਿੱਖੀ ਦਾ ਸੰਦੇਸ਼ ਪਹੁੰਚਾਉਣ ਲਈ ਦੌਰੇ ਕੀਤੇ ਅਤੇ ਹੋਰ ਪੁਖਤਾ ਯਤਨ ਕੀਤੇ। ਆਪ ਨੇ ਅਨੰਦਪੁਰ ਸਾਹਿਬ ਦਾ ਵਿਕਾਸ ਕੀਤਾ, ਇਸ ਨੂੰ ਗੁਰਮਤਿ ਸੰਗੀਤ, ਸਾਹਿੱਤ ਤੇ ਧਰਮ-ਵਿੱਦਿਆ ਦਾ ਕੇਂਦਰ ਬਣਾਇਆ।

ਸਿੱਖਾਂ ਨੂੰ ਬ੍ਰਾਹਮਣੀ ਗ੍ਰੰਥਾਂ ਦੀ ਅਸਲੀਅਤ ਦੱਸਣ ਲਈ ਸੰਸਕ੍ਰਿਤ ਬੋਲੀ ਦਾ ਗਿਆਨ ਜ਼ਰੂਰੀ ਸੀ। ਇਸ ਲਈ ਆਪ ਨੇ ਪੰਜ ਸਿੱਖਾਂ ਨੂੰ ਬਨਾਰਸ (ਕਾਂਸ਼ੀ) ਭੇਜਿਆ, ਜੋ ਮਗਰੋਂ ਨਿਰਮਲੇ ਕਹਾਏ। ਉਨ੍ਹਾਂ ਨੇ ਧਰਮ-ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾਈ (ਮਗਰੋਂ ਜਾ ਕੇ ਭਾਵੇਂ ਇਨ੍ਹਾਂ ਨੇ ਗੁਰਮਤਿ ਅਤੇ ਬ੍ਰਾਹਮਣੀ ਮੱਤ ਨੂੰ ਰਲਗਡ ਕਰਕੇ ਪੇਸ਼ ਕੀਤਾ)।

ਧਰਮ ਪ੍ਰਚਾਰ ਲਈ ਆਪ ਰਵਾਲਸਰ ਅਤੇ ਕਪਾਲਮੋਚਨ ਆਦਿ ਹਿੰਦੂ-ਤੀਰਥਾਂ ’ਤੇ ਗਏ। 1694 ਵਿਚ ਆਪ ਪਰਿਵਾਰ, ਸਿੱਖ-ਸੰਗਤਾਂ, ਪ੍ਰਚਾਰਕਾਂ, ਰਾਗੀਆਂ-ਢਾਡੀਆਂ ਸਮੇਤ ਹਰਿਦੁਆਰ ਵਿਖੇ ਗਏ। 1702 ਵਿਚ ਆਪ ਨੇ ਮਾਲਵੇ ਦਾ ਦੌਰਾ ਕੀਤਾ; ਲੱਖੀ ਜੰਗਲ ਦੇ ਇਲਾਕਿਆਂ, ਤਲਵੰਡੀ ਸਾਬੋ ਤੇ ਕੁਰੂਕਸ਼ੇਤਰ ਗਏ। ਇਵੇਂ ਹੀ ਮੁਕਤਸਰ ਦੀ ਜੰਗ ਮਗਰੋਂ ਆਲੇ-ਦੁਆਲੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਤਲਵੰਡੀ ਸਾਬੋ (ਦਮਦਮਾ ਸਾਹਿਬ) ਨੂੰ ਆਪ ਨੇ ਧਰਮ-ਵਿੱਦਿਆ ਅਤੇ ਧਰਮ-ਪ੍ਰਚਾਰ ਦੇ ਕੇਂਦਰ ਵਜੋਂ ਸਥਾਪਿਤ ਕੀਤਾ। ਆਪ ਦੇ ਪ੍ਰਚਾਰ ਸਦਕਾ ਤਲਵੰਡੀ ਸਾਬੋ ਵਿਖੇ ਇਕ ਲੱਖ, ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਇਥੇ ਹੀ ਆਪ ਜੀ ਨੇ ਗੁਰਬਾਣੀ- ਵਿਆਖਿਆ ਅਤੇ ਧਰਮ ਪ੍ਰਚਾਰ ਦੀ ਟਕਸਾਲ ਕਾਇਮ ਕੀਤੀ, ਜਿਸ ਵਿਚ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਨੇ ਮੁੱਖ ਭੂਮਿਕਾ ਨਿਭਾਈ। ਇਹ ਮਹਾਨ ਕੇਂਦਰ ਮਗਰੋਂ ‘ਗੁਰੂ ਕੀ ਕਾਂਸ਼ੀ’ ਅਖਵਾਇਆ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਸਿੱਖੀ ਪਹਿਲੇ ਸਤਿਗੁਰਾਂ ਦੇ ਵਿਉਂਤਬੱਧ ਤੇ ਸੰਗਠਿਤ ਯਤਨਾਂ ਸਦਕਾ ਦੇਸ਼ ਦੇ ਹਰ ਕੋਨੇ ਵਿਚ ਫੈਲ ਚੁੱਕੀ ਸੀ, ਇਸ ਦਾ ਪ੍ਰਮਾਣ ਖਾਲਸਾ ਪੰਥ ਦੀ ਸਾਜਨਾ ਦੀ ਘਟਨਾ ਤੋਂ ਮਿਲਦਾ ਹੈ। ਅਨੰਦਪੁਰ ਸਾਹਿਬ ਜੋ ਪੰਜਾਬ ’ਚ ਇਕ ਨੁਕਰੇ ਪਹਾੜਾਂ ਵਿਚ ਵਸਿਆ ਹੋਇਆ ਸੀ, ਉਥੇ ਪਹੁੰਚਣਾ ਕੋਈ ਆਸਾਨ ਗੱਲ ਨਹੀਂ ਸੀ ਪਰ ਸਤਿਗੁਰਾਂ ਦੇ ਇਕੋ ਸੱਦੇ ’ਤੇ ਲਗਭਗ ਇਕ ਲੱਖ ਸਿੱਖ ਦੇਸ਼ ਦੇ ਕੋਨੇ-ਕੋਨੇ ਤੋਂ ਇਥੇ ਪੁੱਜ ਗਏ।

1699 ਦੀ ਵਿਸਾਖੀ ਨੂੰ ਪਹਿਲੇ ਦਿਨ ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ, ਜਿਹੜੀ ਗਿਣਤੀ, ਗ਼ੁਲਾਮ ਮੁਹੱਈਉੱਦੀਨ ਅਨੁਸਾਰ, ਕੁਝ ਦਿਨਾਂ ਵਿਚ ਅੱਸੀ ਹਜ਼ਾਰ ਤੱਕ ਪੁੱਜ ਗਈ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਨੂੰ ਸੀਸ ਭੇਟ ਕਰਨ ਵਾਲੇ ਸਿੱਖ ਸੈਂਕੜੇ ਮੀਲਾਂ ਦੀ ਦੂਰੀ ਤੋਂ ਆਏ ਸਨ। ਪੰਜਾਬ ਵਿਚੋਂ ਕੇਵਲ ਇਕ ਗੁਰਸਿੱਖ, ਭਾਈ ਦਇਆ ਸਿੰਘ, ਠੇਠ ਪੰਜਾਬੀ ਇਲਾਕੇ (ਲਾਹੌਰ) ਦਾ ਸੀ, ਬਾਕੀਆਂ ਵਿਚ ਭਾਈ ਧਰਮ ਸਿੰਘ ਹਸਤਨਾਪੁਰ (ਯੂ. ਪੀ.), ਭਾਈ ਮੋਹਕਮ ਸਿੰਘ ਦਵਾਰਕਾ (ਗੁਜਰਾਤ), ਭਾਈ ਹਿੰਮਤ ਸਿੰਘ ਜਗਨਨਾਥਪੁਰੀ (ਉੜੀਸਾ) ਅਤੇ ਭਾਈ ਸਾਹਿਬ ਸਿੰਘ ਬਿਦਰ (ਕਰਨਾਟਕ) ਤੋਂ ਸਨ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਲੈ ਕੇ ਖਾਲਸਾ ਪੰਥ ਦੀ ਸਾਜਨਾ ਤੱਕ ਦੇ 230 ਸਾਲਾਂ (1469-1699) ਵਿਚ ਧਰਮ-ਪ੍ਰਚਾਰ ਦੇ ਲਗਾਤਾਰ ਯਤਨਾਂ, ਸਖ਼ਤ ਮਿਹਨਤ, ਸੰਸਾਰਕ ਸੁਖਾਂ ਨੂੰ ਤਿਆਗ ਕੇ ਧਰਮ-ਸੇਵਾ, ਧਰਮ ਲਈ ਦਿੱਤੀਆਂ ਕੁਰਬਾਨੀਆਂ ਦਾ ਸਿੱਟਾ ਹੀ ਸੀ ਕਿ ਸਿੱਖ ਧਰਮ ਹਿੰਦੁਸਤਾਨ ਭਰ ਵਿਚ ਅਤੇ ਅਫਗਾਨਿਸਤਾਨ, ਇਰਾਨ, ਤਿੱਬਤ, ਸ੍ਰੀ ਲੰਕਾ ਆਦਿ ਤੱਕ ਫੈਲ ਗਿਆ ਸੀ। ਫੈਲਦਾ ਵੀ ਕਿਉਂ ਨਾ ? ਇਸ ਦੇ ਪ੍ਰਚਾਰ ਵਿਚ ਲੱਗੇ ਹੋਏ ਗੁਰਸਿੱਖ ਗੁਰਮਤਿ ਅਨੁਸਾਰੀ ਜੀਵਨ, ਸੇਵਾ ਤੇ ਤਿਆਗ ਦੀ ਭਾਵਨਾ ਵਾਲੇ, ਧਾਰਮਿਕ ਅਤੇ ਸੰਸਾਰਕ ਵਿੱਦਿਆ ਵਿਚ ਪ੍ਰਬੀਨ, ਪ੍ਰਚਾਰ ਲਈ ਤੜਪ ਤੇ ਲਗਨ ਵਾਲੇ ਅਤੇ ਗੁਰਮਤਿ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਾਲੇ ਜੁ ਸਨ।

ਖ਼ਾਲਸਾ ਪੰਥ ਦੀ ਸਿਰਜਨਾ ਤੋਂ ਪੂਰੇ 100 ਸਾਲ ਤੱਕ ਸਿੱਖ ਪੰਥ ਹਕੂਮਤ ਦੇ ਅਤਿਆਚਾਰਾਂ ਦਾ ਸ਼ਿਕਾਰ ਰਿਹਾ ਅਤੇ ਪੰਥ ਦੀ ਹੋਂਦ ਨੂੰ ਕਾਇਮ ਰੱਖਣ ਲਈ ਸਿੱਖਾਂ ਨੇ ਤਨ-ਮਨ-ਧਨ ਸਭ ਕੁਝ ਵਾਰ ਦਿੱਤਾ। ਉਨ੍ਹਾਂ ਨੂੰ ਸ਼ਹੀਦ ਕਰਨ ਦਾ ਹਰ ਢੰਗ ਵਰਤਿਆ ਗਿਆ। ਸਿੱਖ ਧਰਮ ਨੂੰ ਕਾਨੂੰਨ ਵਿਰੁੱਧ ਘੋਸ਼ਿਤ ਕੀਤਾ ਗਿਆ; ਜਿਥੇ ਸਿੱਖ ਮਿਲੇ, ਉਥੇ ਹੀ ਉਸ ਨੂੰ ਗੋਲੀ ਮਾਰ ਕੇ ਕਤਲ (ਸ਼ਹੀਦ) ਕਰਨ ਦੇ ਹੁਕਮ ਜਾਰੀ ਹੋਏ। ਸਿੱਖ ਜੰਗਲਾਂ, ਬੀਆ-ਬਾਨਾਂ, ਮਾਰੂਥਲਾਂ ਵਿਚ ਰਹਿਣ ਲਈ ਮਜਬੂਰ ਹੋਏ, ਦੋ ਘੱਲੂਘਾਰਿਆਂ ਵਿਚ ਹਜ਼ਾਰਾਂ ਸਿੱਖ ਸ਼ਹੀਦ ਕੀਤੇ ਗਏ; 1746 ਵਿਚ ਦਸ ਹਜ਼ਾਰ ਅਤੇ 1762 ਵਿਚ ਇਕੋ ਦਿਨ ਵਿਚ ਤੀਹ ਹਜ਼ਾਰ ਸ਼ਹੀਦ ਹੋਏ। ਸਰੀਰ ਤਾਂ ਖ਼ਤਮ ਹੋ ਗਏ ਪਰ ਗੁਰਮਤਿ ਦੀ ਭਾਵਨਾ ਉਵੇਂ ਹੀ ਜੀਵਿਤ ਰਹੀ। ਸਿੱਖ ਇਕ ਪਾਸੇ ਸ਼ਹੀਦੀਆਂ ਦਿੰਦੇ ਤੇ ਦੂਜੇ ਪਾਸੇ ਰਾਜ-ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੇ। ਅੰਤ 1799 ਦੇ ਅੱਧ ਵਿਚ ਰਾਜ-ਭਾਗ ਦੇ ਪੱਕੇ ਤੌਰ 'ਤੇ ਮਾਲਕ ਬਣ ਗਏ। ਇਸ ਲੰਮੇ ਸਮੇਂ ਵਿਚ ਧਰਮ-ਪ੍ਰਚਾਰ ਦਾ ਕੰਮ ਬਿਲਕੁਲ ਰੁਕਿਆ ਰਿਹਾ (ਬਾਬਾ ਦੀਪ ਸਿੰਘ ਜੀ ਤੇ ਭਾਈ ਮਨੀ ਸਿੰਘ ਜੀ ਦੇ ਯਤਨਾਂ ਨੂੰ ਛੱਡ ਕੇ)। ਗੁਰਦੁਆਰਿਆਂ ਦਾ ਪ੍ਰਬੰਧ ਨਿਰਮਲੇ ਤੇ ਉਦਾਸੀ ਸਾਧਾਂ ਦੇ ਹੱਥ ਆਉਣ ਕਰਕੇ ਬ੍ਰਾਹਮਣੀ ਵਿਚਾਰ ਤੇ ਕਰਮ- ਕਾਂਡ ਸਿੱਖਾਂ ਵਿਚ ਪ੍ਰਚਲਿਤ ਹੋ ਗਏ। ਆਪਣੇ ਰਾਜ (1799-1849) ਵਿਚ ਵੀ ਧਰਮ- ਪ੍ਰਚਾਰ ਲਈ ਕੋਈ ਯਤਨ ਨਹੀਂ ਹੋਇਆ, ਸਗੋਂ ਬ੍ਰਾਹਮਣੀ ਕਰਮ-ਕਾਂਡ ਹੋਰ ਤੇਜ਼ੀ ਨਾਲ ਫੈਲ ਗਏ। ਇਸ ਦਾ ਸਿੱਟਾ ਇਹ ਹੋਇਆ ਕਿ ਸਿੱਖਾਂ ਦੀ ਗਿਣਤੀ ਸਿੱਖ ਰਾਜ ਸਮੇਂ ਇਕ ਕਰੋੜ ਦੇ ਲਗਭਗ ਸੀ, ਉਹ ਰਾਜ ਮਗਰੋਂ ਕੁਝ ਸਾਲਾਂ ਵਿਚ ਹੀ ਘਟ ਕੇ ਗਿਆਰਾਂ ਲੱਖ ਦੇ ਕਰੀਬ ਰਹਿ ਗਈ। ਹਿੰਦੂਆਂ ਤੇ ਮੁਸਲਮਾਨਾਂ ਵਿਚ ਜਾਗ੍ਰਤੀ ਦੀਆਂ ਲਹਿਰਾਂ ਆਰੰਭ

ਹੋਈਆਂ। ਸਿੱਖਾਂ ਨੂੰ ਆਰੀਆ ਸਮਾਜੀਆਂ ਤੇ ਇਸਾਈਆਂ ਦੇ ਹਮਲਿਆਂ ਦਾ ਟਾਕਰਾ ਕਰਨਾ ਪਿਆ। ਸੰਨ 1873 ਵਿਚ 'ਸਿੰਘ ਸਭਾ ਲਹਿਰ' ਦਾ ਆਰੰਭ ਹੋਇਆ, ਜਿਸ ਨੇ ਸਿੱਖੀ ਪ੍ਰਚਾਰ ਅਤੇ ਵਿੱਦਿਆ ਦੇ ਪਸਾਰ ਦਾ ਕੰਮ ਪੂਰੀ ਲਗਨ ਅਤੇ ਜੋਸ਼ ਨਾਲ ਕੀਤਾ। ਸਿੱਖਾਂ ਅੰਦਰ ਤੱਤ- ਗੁਰਮਤਿ ਅਤੇ ਤੱਤ-ਖਾਲਸਈ ਭਾਵਨਾ ਨੂੰ ਸੁਰਜੀਤ ਕੀਤਾ; ਸਿੱਖਾਂ ਨੂੰ ਸਿੱਖੀ ਦੀ ਗੌਰਵਤਾ ਦਾ ਅਹਿਸਾਸ ਕਰਵਾਇਆ। ਸੁਧਾਰ ਦੇ ਕਾਰਜ ਵਿਚ ਪੁਰਾਤਨ ਪੰਥੀਆਂ, ਬ੍ਰਾਹਮਣੀ ਪ੍ਰਭਾਵਾਂ ਵਾਲੇ ਸਿੱਖਾਂ ਅਤੇ ਸ਼ਖ਼ਸੀ ਪੂਜਾ ਕਰਵਾਉਣ ਦੇ ਇੱਛਕ ਬੇਦੀ, ਭੱਲੇ, ਸੋਢੀ 'ਮਹਾਂਪੁਰਖਾਂ' ਨੇ ਬਾਰ-ਬਾਰ ਰੋੜੇ ਅਟਕਾਏ, ਪਰ ਸੁਧਾਰਕਾਂ ਦਾ ਕਾਫ਼ਲਾ ਅੱਗੇ ਵਧਦਾ ਗਿਆ। 20ਵੀਂ ਸਦੀ ਦੇ ਆਰੰਭ ਤੱਕ 'ਸਿੰਘ ਸਭਾ ਲਹਿਰ' ਦੇ ਮੁਖੀਆਂ ਦੇ ਚਲਾਣਾ ਕਰ ਜਾਣ ਕਾਰਨ ਲਹਿਰ ਦਾ ਕੰਮ ਲਗਪਗ ਰੁਕ ਹੀ ਗਿਆ ਪਰ ਇਸ ਸਮੇਂ 'ਚੀਫ਼ ਖਾਲਸਾ ਦੀਵਾਨ' ਅਤੇ 'ਪੰਚ ਖ਼ਾਲਸਾ ਦੀਵਾਨ' ਨੇ ਪੁਨਰ-ਜਾਗ੍ਰਤੀ ਦੀ ਲਹਿਰ ਨੂੰ ਤੋਰੀ ਰੱਖਿਆ।

ਇਸ ਦੇ ਮਗਰੋਂ ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋਈ ਅਤੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦਾ ਜਨਮ ਹੋਇਆ, ਜਿਸ ਨੇ ਮੁੱਢਲੇ ਸਾਲਾਂ ਵਿਚ ਧਰਮ-ਸੇਵਾ ਦੇ ਖੇਤਰ ਵਿਚ ਠੋਸ ਕਾਰਜ ਕੀਤੇ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖੀ-ਪ੍ਰਚਾਰ ਦਾ ਕੰਮ ਬਹੁਤ ਢਿੱਲਾ ਪੈ ਗਿਆ। ਕੌਮ ਦੇ ਨੌਜੁਆਨ ਮਾਰਕਸੀ ਪ੍ਰਭਾਵ ਅਤੇ ਪੱਛਮੀ ਵਿੱਦਿਆ ਤੇ ਕਲਚਰ ਦੇ ਪ੍ਰਭਾਵ ਕਾਰਨ ਧਰਮ ਤੋਂ ਦੂਰ ਹੁੰਦੇ ਗਏ। ਹਾਲਤ ਇਹ ਹੋ ਗਈ ਕਿ ਸ: ਖੁਸ਼ਵੰਤ ਸਿੰਘ ਨੇ, 1951 ਵਿਚ, 'ਦ ਸਿੱਖਜ਼' ਨਾਮ ਦੀ ਪੁਸਤਕ ਵਿਚ ਇਹ ਲਿਖ ਦਿੱਤਾ ਕਿ ਸਿੱਖ 20ਵੀਂ ਸਦੀ ਦੇ ਅੰਤ ਤੱਕ ਹਿੰਦੂਆਂ ਵਿਚ ਜਜ਼ਬ ਹੋ ਜਾਣਗੇ। ਦਿੱਲੀ ਦੇ ਕੁਝ ਸਿੱਖ ਨੌਜੁਆਨਾਂ ਨੇ ਇਸ ਨੂੰ ਇਕ ਵੰਗਾਰ ਦੇ ਰੂਪ ਵਿਚ ਲਿਆ ਅਤੇ ਸੰਨ 1956 ਵਿਚ 'ਸਿੱਖ ਮਿਸ਼ਨਰੀ ਲਹਿਰ' ਦਾ ਆਰੰਭ ਹੋਇਆ। ਇਸ ਨੇ ਪ੍ਰਚਾਰ ਦੀ ਸਮੱਸਿਆ ਦਾ ਡੂੰਘਾ ਅਧਿਐਨ ਕੀਤਾ ਅਤੇ ਕੌਮ ਨੂੰ ਸਪੱਸ਼ਟ ਕਰਕੇ ਦੱਸਿਆ ਕਿ ਸਿੱਖਾਂ ਦੀ ਅਧੋਗਤੀ ਦਾ ਕਾਰਨ ਧਰਮ-ਪ੍ਰਚਾਰ ਦਾ ਨਾ ਹੋਣਾ ਹੈ। ਧਰਮ-ਪ੍ਰਚਾਰ ਦੇ ਨਾਮ 'ਤੇ ਜੋ ਕੁਝ ਹੋ ਰਿਹਾ ਹੈ, ਉਸ ਵਿਚ ਬਹੁਤ ਕੁਝ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਾਨੀਕਾਰਕ ਹੈ। ਇਹ ਵੀ ਦਲੀਲ ਸਹਿਤ ਦੱਸਿਆ ਕਿ ਧਰਮ ਪ੍ਰਚਾਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੰਗਠਿਤ ਅਤੇ ਵਿਉਂਤਬੱਧ ਯਤਨਾਂ ਦੀ ਲੋੜ ਹੈ। ਸਿੱਖ ਵਿਚਾਰਧਾਰਾ ਤੋਂ ਅਨਮਤਾਂ, ਮਨਮਤਾਂ ਦੀ ਧੂੜ ਲਾਹ ਕੇ ਇਸ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਸ਼ੁੱਧ ਰੂਪ ਦੇਣ ਦੀ ਲੋੜ ਹੈ ਅਤੇ ਪ੍ਰਮਾਣਿਕ ਇਤਿਹਾਸ ਲਿਖਵਾਉਣ ਤੇ ਨਿਆਰੇ ਸਿੱਖ ਕਲਚਰ ਨੂੰ ਸਪੱਸ਼ਟ ਕਰਕੇ ਪੇਸ਼ ਕਰਨ ਦੀ ਲੋੜ ਹੈ। ਇਸ ਲਹਿਰ ਨੇ ਪ੍ਰਮਾਣਿਕ ਸਾਹਿੱਤ ਸਿਰਜਿਆ, ਮਾਸਿਕ ਪੱਤਰ ਜਾਰੀ ਕੀਤੇ, ਪੱਤਰ-ਵਿਹਾਰ ਕੋਰਸ ਚਲਾਏ, ਪ੍ਰਚਾਰਕ ਤਿਆਰ ਕਰਨ ਲਈ ਵਿਦਿਆਲੇ (ਕਾਲਜ) ਕਾਇਮ ਕੀਤੇ; ਥਾਂ-ਥਾਂ ਬੱਚਿਆਂ ਤੇ ਨੌਜੁਆਨਾਂ ਲਈ ਹਫ਼ਤਾਵਾਰੀ ਧਾਰਮਿਕ ਕਲਾਸਾਂ ਲਗਾਈਆਂ। ਇਸ ਤਰ੍ਹਾਂ ਕੌਮ ਵਿਚ ਚੇਤਨਾ ਆਈ ਤੇ ਸ: ਖੁਸ਼ਵੰਤ ਸਿੰਘ ਦੀ ਭਵਿੱਖਬਾਣੀ ਗ਼ਲਤ ਸਿੱਧ ਹੋਈ।

ਸੰਨ 1984 ਵਿਚ ਸ੍ਰੀ ਅਕਾਲ ਤਖ਼ਤ 'ਤੇ ਹੋਏ ਹਮਲੇ, ਦੇਸ਼ ਭਰ ਵਿਚ (ਇੰਦਰਾ ਗਾਂਧੀ ਦੀ ਮੌਤ ਮਗਰੋਂ) ਸਿੱਖਾਂ ਦੇ ਹੋਏ ਕਤਲੇਆਮ ਅਤੇ ਉਸਦੇ ਮਗਰੋਂ ਚੱਲੇ ਸੰਘਰਸ਼ ਵਿਚ ਹਜ਼ਾਰਾਂ ਨੌਜੁਆਨ ਸ਼ਹੀਦ ਹੋਏ, ਹਜ਼ਾਰਾਂ ਝੂਠੇ ਮੁਕਾਬਲਿਆਂ ਵਿਚ ਮਾਰ ਕੇ, ਅਣਪਛਾਤੀਆਂ ਲਾਸ਼ਾਂ ਦੱਸ ਕੇ ਸਾੜ ਦਿੱਤੇ ਗਏ ਅਤੇ ਸੈਂਕੜੇ ਅਜੇ ਵੀ ਜੇਲ੍ਹਾਂ ਵਿਚ

ਨਰਕ ਭੋਗ ਰਹੇ ਹਨ। ਇਸਦਾ ਅਸਰ ਇਹ ਹੋਇਆ ਕਿ ਧਰਮ ਤੋਂ ਅਣਜਾਣ ਨੌਜੁਆਨਾਂ ਨੇ ਤਸੀਹਿਆਂ ਤੋਂ ਬਚਣ ਲਈ ਕੇਸ ਕਤਲ ਕਰਵਾਉਣੇ ਸ਼ੁਰੂ ਕਰ ਦਿੱਤੇ ਤੇ ਦਸਤਾਰਾਂ (ਪਗੜੀਆਂ) ਸਜਾਉਣੋਂ ਵੀ ਹਟ ਗਏ। ਫਿਰ ਇਹ ਰਿਵਾਜ ਹੀ ਬਣ ਗਿਆ। ਜੇ ਇਹ ਵਰਤਾਰਾ ਜਾਰੀ ਰਿਹਾ ਤਾਂ ਕੁਝ ਸਾਲਾਂ ਮਗਰੋਂ ਸਾਬਤ-ਸੂਰਤ ਨੌਜੁਆਨਾਂ ਦੇ ਦਰਸ਼ਨ ਦੁਰਲੱਭ ਹੋ ਜਾਣਗੇ।

ਨੌਜੁਆਨਾਂ ਨੂੰ ਧਰਮ ਤੋਂ ਦੂਰ ਲਿਜਾਣ ਲਈ ਪੰਜਾਬ ਵਿਚ ਕਲਚਰਲ (ਸੱਭਿਆਚਾਰਕ) ਪ੍ਰੋਗਰਾਮ ਆਰੰਭ ਕੀਤੇ ਗਏ ਸਨ, ਜਿਨ੍ਹਾਂ ਵਿਚ ਅੱਧ-ਨੰਗੀਆਂ ਧੀਆਂ-ਭੈਣਾਂ ਨੂੰ ਨਚਾਇਆ ਜਾਂਦਾ ਹੈ। ਇਹ ਕੰਮ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦੇ ਨਾਲ ਹੀ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਪ੍ਰਚਲਨ ਨੂੰ ਵਧਾਇਆ ਗਿਆ ਹੈ। ਇਸ ਤਰ੍ਹਾਂ ਨੈਤਿਕਤਾ ਦਾ ਘਾਣ ਕੀਤਾ ਜਾ ਰਿਹਾ ਹੈ ਅਤੇ ਟੈਲੀਵਿਜ਼ਨ ਦੇ ਚੈਨਲ ਇਸ ਪੱਖ ਵਿਚ ਵਧ-ਚੜ੍ਹ ਕੇ ਨੁਕਸਾਨ ਪਹੁੰਚਾ ਰਹੇ ਹਨ। ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੇਤਾਵਾਂ ਉਤੇ ਇਸ ਤਬਾਹਕੁੰਨ ਵਾਤਾਵਰਣ ਦਾ ਕੋਈ ਅਸਰ ਨਹੀਂ ਜਾਪਦਾ। ਸਰਕਾਰਾਂ ਲਈ ਤਾਂ ਇਹ (ਸ਼ਰਾਬ ਤੇ ਨਸ਼ੇ ਅਤੇ ਟੈਲੀਵਿਜ਼ਨ-ਚੈਨਲ) ਕਮਾਈ ਦਾ ਸਾਧਨ ਹਨ। ਸਿੱਖ ਨੌਜੁਆਨਾਂ ਨੂੰ ਇਸ ਵਾਤਾਵਰਣ ਵਿਚੋਂ ਕੱਢਣ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ।

ਸਿੱਖ ਧਰਮ ਨੂੰ ਢਾਅ ਲਾਉਣ ਵਿਚ ਸਿੱਖੀ ਸਰੂਪ ਵਾਲੇ ਪਰ ਬ੍ਰਾਹਮਣੀ ਵਿਚਾਰਧਾਰਾ ਵਾਲੇ ਤੇ ਕਰਮ-ਕਾਂਡਾਂ ਵਿਚ ਫਸਾਉਣ ਵਾਲੇ ਅਖੌਤੀ ਸੰਤ-ਡੇਰੇਦਾਰ, ਦੇਹਧਾਰੀ ਗੁਰੂ- ਡੰਮ ਦੇ ਆਗੂ ਤੇ ਪ੍ਰਚਾਰਕ, ਸਿਆਸੀ ਪਾਰਟੀਆਂ ਦੀ ਹਮਾਇਤ/ਸਰਪ੍ਰਸਤੀ ਪ੍ਰਾਪਤ ਮਾਡਰਨ-ਗੁਰੂ, ਬ੍ਰਾਹਮਣਵਾਦ, ਆਰ.ਐਸ.ਐਸ. ਤੇ ਕੁਝ ਈਸਾਈ ਪ੍ਰਚਾਰਕ ਅਤੇ ਨਾਸਤਕਤਾਵਾਦ ਦਾ ਪ੍ਰਚਾਰ ਮੁੱਖ ਭੂਮਿਕਾ ਅਦਾ ਕਰ ਰਹੇ ਹਨ। ਉਤੋਂ ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਸਿੱਖਾਂ ਦੀ ਬਾਂਹ ਫੜਨ ਵਾਲੀ ਕੋਈ ਸਿਆਸੀ ਪਾਰਟੀ ਨਹੀਂ ਹੈ। ਨਾਮਧਰੀਕ ਸਿਆਸੀ ਪਾਰਟੀ ਨੇ ਤਾਂ ਬ੍ਰਾਹਮਣਵਾਦੀ ਪਾਰਟੀ ਨਾਲ ਪੀਡੀ ਸਾਂਝ ਪਾਈ ਹੋਈ ਹੈ। ਜਿਹੜੀਆਂ ਕੁਝ ਸਿਆਸੀ ਪਾਰਟੀਆਂ ਸਿੱਖੀ ਦੀ ਚੜ੍ਹਦੀ ਕਲਾ ਵਾਲੇ ਨਾਹਰੇ ਲਾਉਂਦੀਆਂ ਹਨ, ਉਨ੍ਹਾਂ ਦੇ ਲੀਡਰ ਹਉਮੈ ਨਾਲ ਭਰੇ ਹੋਏ ਹਨ ਅਤੇ ਇਕ-ਦੂਜੇ ਪ੍ਰਤੀ ਦੁਸ਼ਮਣੀ ਦੀ ਹੱਦ ਤੱਕ ਈਰਖਾ ਦੀ ਭਾਵਨਾ ਰੱਖਦੇ ਹਨ। ਸਿੱਖ ਪੰਥ ਦੀਆਂ ਸਮੱਸਿਆਵਾਂ ਦੇ ਸਥਾਈ ਹੱਲ ਲਈ ਕਿਸੇ ਕੋਲ ਕੋਈ ਸਪੱਸ਼ਟ ਪ੍ਰੋਗਰਾਮ ਨਹੀਂ ਹੈ, ਨਿਸ਼ਾਨਾ ਨਹੀਂ ਹੈ। ਅੱਜ ਸਿੱਖੀ ਨੂੰ ਫੋਕੇ ਨਾਹਰਿਆਂ ਦੀ ਲੋੜ ਨਹੀਂ, ਸਪੱਸ਼ਟ ਪ੍ਰੋਗਰਾਮ ਤੇ ਉਸ ਉਤੇ ਅਮਲ ਦੀ ਲੋੜ ਹੈ।

ਸਾਡੀ ਧਾਰਮਿਕ ਲੀਡਰਸ਼ਿਪ ਉੱਕਾ ਹੀ ਨਖਿੱਧ ਰੋਲ ਅਦਾ ਕਰ ਰਹੀ ਹੈ। ਹਰ ਕੋਈ ਕਿਸੇ ਨਾ ਕਿਸੇ ਲੀਡਰ/ਪਾਰਟੀ ਦਾ ਹੱਥ ਠੋਕਾ ਬਣਿਆ ਪਿਆ ਹੈ। ਬੜੀ ਦੇਰ ਤੋਂ ਲਮਕਦੇ ਆ ਰਹੇ ਸਿੱਖ-ਮਸਲਿਆਂ ਦੇ ਹੱਲ ਲਈ ਸੋਚਿਆ ਤੱਕ ਨਹੀਂ ਜਾ ਰਿਹਾ, ਸਗੋਂ ਨਿੱਤ ਨਵੇਂ ਮਸਲੇ/ਵਿਵਾਦ ਪੈਦਾ ਹੋ ਰਹੇ ਹਨ। ਜਦ ਕੋਈ ਪ੍ਰਭਾਵਸ਼ਾਲੀ ਅਥਾਰਿਟੀ ਹੀ ਨਹੀਂ ਹੈ ਤਾਂ ਆਪਾ-ਧਾਪੀ ਫੈਲ ਜਾਣੀ ਇਕ ਸਾਧਾਰਨ ਜਿਹੀ ਗੱਲ ਹੈ। ਹੁਣ ਹਾਲਤ ਇਹੋ ਜਿਹੀ ਬਣੀ ਪਈ ਹੈ ਕਿ ਕਥਿਤ ਅਥਾਰਿਟੀ (ਜਾਂ ਅਥਾਰਿਟੀਆਂ) ਹੀ ਬੇਬਸ ਤੇ ਲਾਚਾਰ ਹੋਈ ਪਈ ਹੈ। ਹਾਲਤ ਇੰਨੀ ਤਰਸਯੋਗ ਹੋ ਗਈ ਹੈ ਕਿ ਅਥਾਰਿਟੀਆਂ ਹੀ ਇਕ ਦੂਜੀ ਨੂੰ ਚੈਲੰਜ ਕਰਨ ਲੱਗ ਪਈਆਂ ਹਨ। ਇਸ ਵਰਤਾਰੇ ਨੇ ਵੀ

ਨੌਜੁਆਨਾਂ ਨੂੰ ਸਿੱਖੀ ਵਲੋਂ ਉਦਾਸ ਕੀਤਾ ਹੈ। ਕੀ ਕੀਤਾ ਜਾਵੇ ?

ਸਵਾਲ ਪੈਦਾ ਹੁੰਦਾ ਹੈ ਕਿ ਹੁਣ ਕੀ ਕੀਤਾ ਜਾਵੇ, ਤਾਂ ਕਿ ਸਿੱਖੀ ਦੀ ਡਿੱਕੇ-ਡੋਲੇ ਖਾਂਦੀ ਕਿਸ਼ਤੀ ਨੂੰ ਬਚਾਇਆ ਜਾ ਸਕੇ ?

ਵਰਤਮਾਨ ਹਾਲਤ ਨੂੰ ਸੁਧਾਰਨ ਦਾ ਇਕ-ਮਾਤਰ ਹੱਲ ਇਹ ਹੈ ਕਿ ਉਨ੍ਹਾਂ ਗੁਰਸਿੱਖਾਂ ਤੇ ਸੰਸਥਾਵਾਂ ਨੂੰ ਇਕ ਝੰਡੇ ਥੱਲੇ ਲਿਆਂਦਾ ਜਾਵੇ ਜੋ 'ਗੁਰੂ ਗ੍ਰੰਥ ਅਤੇ ਗੁਰੂ ਪੰਥ' ਦੀ ਅਗਵਾਈ ਦੇ ਸਿਧਾਂਤ ਨੂੰ ਮੰਨਦੀਆਂ ਹਨ। ਸ਼ਬਦ-ਗੁਰੂ ਦੇ ਸਿਧਾਂਤ ਨੂੰ ਮੰਨਣ ਵਾਲੇ ਹੀ 'ਸਿੱਖ' ਕਹਾ ਸਕਦੇ ਹਨ ਅਤੇ ਉਨ੍ਹਾਂ ਵਿਚ ਹੀ ਏਕਤਾ ਹੋ ਸਕਦੀ ਹੈ। ਸੋ ਲੋੜ ਉਨ੍ਹਾਂ ਨੂੰ ਪਛਾਣਨ ਤੇ ਇਕ ਮੰਚ ਤੇ ਲਿਆਉਣ ਦੀ ਹੈ। ਉਨ੍ਹਾਂ ਦਾ ਸਮੂਹ ਹੀ ਕਿਸੇ ਅਥਾਰਿਟੀ ਦਾ ਰੂਪ ਲੈ ਸਕਦਾ ਹੈ। ਜੇ ਇਹ ਸੰਸਥਾਵਾਂ ਵੱਖਰੇ-ਵੱਖਰੇ ਤੌਰ 'ਤੇ ਆਪਣੇ ਹੀ ਢੰਗ ਨਾਲ ਕਾਰਜ ਕਰਦੀਆਂ ਰਹੀਆਂ, ਤਾਂ ਕੋਈ ਸਿੱਟਾ ਨਹੀਂ ਨਿਕਲੇਗਾ ਅਤੇ ਕਿਸੇ ਨਾ ਕਿਸੇ ਦਿਨ ਇਹ ਵੀ ਹਾਰ-ਹੰਭ ਕੇ ਚੁੱਪ ਕਰ ਜਾਣਗੀਆਂ। ਆਪਣੇ-ਆਪਣੇ ਨਾਮ ਦੇ ਫੱਟੇ ਭਾਵੇਂ ਲਟਕਾਈ ਰੱਖਣ।

ਇਨ੍ਹਾਂ ਸੰਸਥਾਵਾਂ ਤੇ ਗੁਰਸਿੱਖਾਂ ਦਾ ਸਮੂਹ ਹੀ ਸ਼ਕਤੀਸ਼ਾਲੀ ਕੇਂਦਰੀ ਜਥੇਬੰਦੀ ਦਾ ਰੂਪ ਲੈ ਸਕੇਗਾ, ਜਿਹੜੀ ਸਿੱਖ ਪੰਥ ਨੂੰ ਵੱਖ-ਵੱਖ ਖੇਤਰਾਂ ਵਿਚ ਸੇਧ ਦੇ ਸਕੇ। ਇਹ ਕੇਂਦਰੀ ਜਥੇਬੰਦੀ ਹੀ ਧਰਮ-ਪ੍ਰਚਾਰ ਦੇ ਕੰਮ ਨੂੰ ਵਿਉਂਤ-ਬੱਧ ਤੇ ਸੰਗਠਿਤ ਢੰਗ ਨਾਲ ਕਰ ਸਕੇਗੀ, ਜਿਸ ਦੇ ਸਿੱਟੇ ਅਵੱਸ਼ ਹੀ ਆਸ਼ਾਜਨਕ ਹੋਣਗੇ। ਐਸੀ ਸੰਸਥਾ ਦਾ ਮਾਡਲ 'ਵਿਸ਼ਵ ਸਿੱਖ ਕੌਂਸਲ' ਹੋ ਸਕਦੀ ਹੈ ਜਿਸਨੂੰ ਕਿ ਹੋਂਦ ਵਿਚ ਹੀ ਨਹੀਂ ਆਉਣ ਦਿੱਤਾ ਗਿਆ, ਜਾਂ ਜੰਮਦਿਆਂ ਸਾਰ ਹੀ ਮਾਰ ਦਿੱਤਾ ਗਿਆ।

ਜਿਥੇ ਇਕ ਪਾਸੇ ਅਜਿਹੀ 'ਕੇਂਦਰੀ ਜਥੇਬੰਦੀ' ਨੂੰ ਬਣਾਉਣ ਦੇ ਯਤਨ ਕਰਨੇ ਚਾਹੀਦੇ ਹਨ, ਉਥੇ ਉਨ੍ਹਾਂ ਲੋਕਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ ਜੋ ਸਿੱਖੀ ਤੋਂ ਦੂਰ ਚਲੇ ਗਏ ਹਨ ਜਾਂ ਜਾ ਰਹੇ ਹਨ। ਇਨ੍ਹਾਂ 'ਚੋਂ ਬਹੁਤੀ ਗਿਣਤੀ ਨੌਜੁਆਨਾਂ ਦੀ ਹੈ, ਜੋ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ; ਦੂਜੇ ਨੰਬਰ 'ਤੇ ਉਹ ਆਉਂਦੇ ਹਨ ਜਿਹੜੇ ਡੇਰੇਦਾਰਾਂ ਤੇ ਮਾਡਰਨ ਗੁਰੂਆਂ ਦੇ ਗ਼ਲਤ ਪ੍ਰਚਾਰ ਕਾਰਨ ਸੱਚ-ਧਰਮ ਤੋਂ ਭਟਕ ਗਏ ਹਨ, ਤੀਜੇ ਨੰਬਰ 'ਤੇ ਉਹ ਆਉਂਦੇ ਹਨ ਜਿਨ੍ਹਾਂ ਨੂੰ ਧਰਮ ਦੀ ਜਾਣਕਾਰੀ ਨਹੀਂ ਜਾਂ ਜੀਵਨ ਵਿਚ ਧਰਮ ਦੀ ਲੋੜ ਦਾ ਅਹਿਸਾਸ ਨਹੀਂ। ਸਕੂਲਾਂ/ਕਾਲਜਾਂ/ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨਾਲ ਉਹ ਹੀ ਪ੍ਰਚਾਰਕ ਸੰਵਾਦ ਰਚਾ ਸਕਦੇ ਹਨ ਜੋ ਵਿਦਿਆਰਥੀਆਂ ਦੇ ਪ੍ਰਸ਼ਨਾਂ ਦਾ ਦਲੀਲ ਭਰਪੂਰ ਉੱਤਰ ਦੇ ਸਕਦੇ ਹੋਣ। ਉਹ ਪੜ੍ਹੇ-ਲਿਖੇ ਹੋਣ ਤੇ ਅੰਗਰੇਜ਼ੀ ਸਮਝ ਤੇ ਬੋਲ ਸਕਦੇ ਹੋਣ। ਉਹ ਅਜੋਕੇ ਸਮੇਂ ਵਿਚ ਸਿੱਖ ਧਰਮ ਦੀ ਪ੍ਰਸੰਗਿਕਤਾ ਨੂੰ ਬਿਆਨ ਕਰ ਸਕਦੇ ਹੋਣ ਅਤੇ ਆਪਣੀ ਦਲੀਲ ਨਾਲ ਪ੍ਰਭਾਵ ਪਾ ਸਕਦੇ ਹੋਣ। ਅੱਜ ਨੌਜੁਆਨਾਂ ਦੇ ਮਨਾਂ ਵਿਚ ਧਾਰਮਿਕ ਤੇ ਸਿਆਸੀ ਲੀਡਰਾਂ, ਧਰਮ-ਪ੍ਰਚਾਰਕਾਂ (ਕੀਰਤਨੀਆਂ/ਕਥਾਕਾਰਾਂ/ਵਖਿਆਨਕਾਰਾਂ) ਬਾਰੇ ਤਰ੍ਹਾਂ- ਤਰ੍ਹਾਂ ਦੇ ਖਿਆਲ ਹਨ; ਸ਼ੰਕੇ ਹਨ। ਪ੍ਰਚਾਰਕਾਂ ਵਿਚ ਇਸ ਸੰਬੰਧ ਵਿਚ ਵਿਦਿਆਰਥੀਆਂ ਦੀ ਗੱਲ ਨੂੰ ਠਰ੍ਹੰਮੇ ਨਾਲ ਸੁਣਨ ਦੀ ਸ਼ਕਤੀ (ਸਹਿਨਸ਼ੀਲਤਾ) ਹੋਣੀ ਚਾਹੀਦੀ ਹੈ ਅਤੇ ਆਗੂਆਂ ਦੀ ਕਥਨੀ ਤੇ ਕਰਨੀ ਵਿਚਲੇ ਅੰਤਰ ਦੇ ਕਾਰਨ ਨੂੰ

ਸਮਝਾ ਸਕਣ ਦੀ ਯੋਗਤਾ ਹੋਣੀ ਚਾਹੀਦੀ ਹੈ। ਅਜਿਹੇ ਧਾਰਮਿਕ ਤੇ ਸਿਆਸੀ ਆਗੂਆਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਜੋ ਧਰਮ ਦੀ ਵਿਚਾਰਧਾਰਾ ਅਨੁਸਾਰ ਜੀਵਨ ਜੀਅ ਰਹੇ ਹਨ ਅਤੇ ਪਰਉਪਕਾਰ (ਜਾਂ ਸੇਵਾ) ਦੀ ਭਾਵਨਾ ਨਾਲ ਕੰਮ ਕਰ ਰਹੇ ਹਨ।

ਸਾਧਾਂ-ਸੰਤਾਂ (ਅਖੌਤੀ) ਅਤੇ ਮਾਡਰਨ ਗੁਰੂਆਂ ਦੇ ਪਿਛਲੱਗ ਜਾਂ ਤਾਂ ਬਹੁਤ ਚਲਾਕ ਹੁੰਦੇ ਹਨ, ਜਾਂ ਸਾਧਾਰਨ ਬੁੱਧੀ ਦੇ ਮਾਲਕ। ਇਨ੍ਹਾਂ ਨਾਲ ਉਹ ਹੀ ਗੱਲ ਕਰ ਸਕਦਾ ਹੈ ਜਿਸਨੂੰ ਗੁਰਬਾਣੀ ਦੀ ਡੂੰਘੀ ਜਾਣਕਾਰੀ ਹੋਵੇ ਅਤੇ ਗੁਰਬਾਣੀ ਦੇ ਢੁਕਵੇਂ ਪ੍ਰਮਾਣ ਯਾਦ ਹੋਣ; ਖਾਸ ਕਰਕੇ ਗੁਰੂ/ਗੁਰਬਾਣੀ ਅਤੇ ਸਾਧ-ਸੰਤ/ਬ੍ਰਹਮਗਿਆਨੀ ਬਾਰੇ ਗੁਰਬਾਣੀ ਦੇ ਪ੍ਰਮਾਣ। ਸਾਧ, ਸੰਤ ਤੇ ਬ੍ਰਹਮਗਿਆਨੀ ਸ਼ਬਦ ਕਿਹੋ ਜਿਹੇ ਮਨੁੱਖ ਲਈ ਆਏ ਹਨ (ਭਾਵ ਉਸ ਵਿਚ ਕਿਸ ਤਰ੍ਹਾਂ ਦੇ ਗੁਣ ਹੋਣੇ ਚਾਹੀਦੇ ਹਨ) ਅਤੇ ਉਹ ਕਿਸ ਤਰ੍ਹਾਂ ਦੀ ਰਹਿਤ ਦਾ ਧਾਰਨੀ ਹੋਣਾ ਚਾਹੀਦਾ ਹੈ। ਗੱਲਬਾਤ ਸ਼ਾਂਤ ਮਾਹੌਲ ਵਿਚ ਕਰਨੀ ਚਾਹੀਦੀ ਹੈ, ਦੂਜੇ ਵਲੋਂ ਯਤਨ ਕਰਨ 'ਤੇ ਵੀ ਉਤੇਜਿਤ ਨਹੀਂ ਹੋਣਾ ਚਾਹੀਦਾ ਅਤੇ ਅਪਮਾਨਜਨਕ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ। ਸਾਡਾ ਉਦੇਸ਼ ਲੜਨਾ-ਝਗੜਨਾ ਜਾਂ ਜਿੱਤ ਪ੍ਰਾਪਤ ਕਰਨਾ ਨਹੀਂ ਹੈ, ਸਗੋਂ ਗੁਰਬਾਣੀ ਦੇ ਉਪਦੇਸ਼ਾਂ/ਵਿਚਾਰਾਂ ਨੂੰ ਸਪੱਸ਼ਟ ਕਰਕੇ ਸਮਝਾਉਣਾ ਹੈ।

ਅੱਜ ਦੇ ਯੁੱਗ ਵਿਚ ਜਿੱਤ ਹਲੀਮੀ, ਨਿਮਰਤਾ, ਪਿਆਰ ਤੇ ਦਲੀਲ ਦੀ ਹੀ ਹੁੰਦੀ ਹੈ। ਸਤਿਗੁਰਾਂ ਦੇ ਇਹ ਬਚਨ ਯਾਦ ਰੱਖਣੇ ਚਾਹੀਦੇ ਹਨ:

**ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥**

**ਇਸੁ ਆਗੈ ਕੋ ਨ ਟਿਕੈ ਵੇਕਾਰੀ॥**

**ਗੁਰ ਪੂਰੇ ਏਹ ਗਲ ਸਾਰੀ॥** (ਸੋਰਠਿ, ਮਹਲਾ ੫, ੬੨੮)

ਜਿਹੜੇ ਧਰਮ ਬਾਰੇ ਗਿਆਨ ਨਹੀਂ ਰੱਖਦੇ, ਨਾ ਹੀ ਧਰਮ ਦੀ ਲੋੜ ਨੂੰ ਸਮਝਦੇ ਹਨ, ਉਨ੍ਹਾਂ ਨੂੰ ਗੁਰਬਾਣੀ ਦੇ ਉਪਦੇਸ਼ ਦੱਸ ਦਿੱਤੇ ਜਾਣ, ਉਪਦੇਸ਼ਾਂ (ਪ੍ਰਮਾਣਾਂ) ਦੇ ਅਰਥ ਕਰਕੇ ਸਮਝਾ ਦਿੱਤੇ ਜਾਣ ਅਤੇ ਇਹ ਗੱਲ ਦੱਸ ਦਿੱਤੀ ਜਾਵੇ ਕਿ ਧਰਮ ਅਨੁਸਾਰ ਜੀਵਨ ਜਿਉਣ ਨਾਲ ਜੀਵਨ ਸੁਖਾਲਾ ਹੋ ਜਾਂਦਾ ਹੈ, ਆਤਮਕ ਖੁਸ਼ੀ ਪ੍ਰਾਪਤ ਹੋ ਜਾਂਦੀ ਹੈ ਅਤੇ ਦੁੱਖ, ਚਿੰਤਾਵਾਂ, ਰੋਗ-ਸੋਗ, ਸੰਸਾਰਕ ਸਮੱਸਿਆਵਾਂ ਮਨੁੱਖ ਨੂੰ ਪ੍ਰੇਸ਼ਾਨ ਨਹੀਂ ਕਰ ਸਕਦੀਆਂ, ਤਾਂ ਉਹ ਸਹਿਜੇ ਹੀ ਧਰਮ ਮਾਰਗ ਤੇ ਤੁਰ ਪੈਂਦੇ ਹਨ। ਗੁਰੂ ਸਾਹਿਬਾਨ ਅਤੇ ਪੁਰਾਣੇ ਤੇ ਮੌਜੂਦਾ ਗੁਰਸਿੱਖਾਂ ਦੇ ਜੀਵਨਾਂ ਦੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਸਿੱਖ ਮਿਸ਼ਨਰੀ ਲਹਿਰ ਦਾ ਮੁੱਖ ਅੰਗ ਹੋਣ ਕਰਕੇ ਸਿੱਖ ਮਿਸ਼ਨਰੀ ਕਾਲਜ ਵਿਉਂਤਬੱਧ ਢੰਗ ਨਾਲ ਧਰਮ ਪ੍ਰਚਾਰ ਦੀ ਸੇਵਾ ਨਿਭਾ ਰਿਹਾ ਹੈ। ਇਸ ਸੰਬੰਧ ਵਿਚ 15-16 ਪ੍ਰਾਜੈਕਟ ਜਾਰੀ ਹਨ; ਜਿਨ੍ਹਾਂ ਵਿਚੋਂ ਮੁੱਖ ਹਨ—ਦੋ-ਸਾਲਾ ਸਿੱਖ ਮਿਸ਼ਨਰੀ ਪੱਤਰ-ਵਿਹਾਰ ਕੋਰਸ, ਮਾਸਿਕ ਪੱਤਰ 'ਸਿੱਖ ਫੁਲਵਾੜੀ', ਧਾਰਮਿਕ ਲਿਟਰੇਚਰ ਦੀ ਤਿਆਰੀ, ਫ੍ਰੀ ਲਿਟਰੇਚਰ ਤਿਆਰੀ ਤੇ ਵੰਡ, ਪੰਜ ਮਿਸ਼ਨਰੀ ਟ੍ਰੇਨਿੰਗ ਕਾਲਜ, ਸਾਲਾਨਾ ਧਾਰਮਿਕ ਪ੍ਰੀਖਿਆ,

ਬੱਚਿਆਂ ਤੇ ਨੌਜੁਆਨਾਂ ਲਈ ਧਾਰਮਿਕ ਕਲਾਸਾਂ, ਪੁਸਤਕ-ਪ੍ਰਦਰਸ਼ਨੀਆਂ, ਅੰਮ੍ਰਿਤ ਸੰਚਾਰ ਤੇ ਗੁਰਮਤਿ ਸਮਾਗਮ, ਬੱਚਿਆਂ ਦੇ ਧਾਰਮਿਕ ਮੁਕਾਬਲੇ ਅਤੇ ਸਮਾਜ ਭਲਾਈ ਦੇ ਕਾਰਜ। ਇਨ੍ਹਾਂ ਸਭ ਪ੍ਰਾਜੈਕਟਾਂ ਲਈ ਨਿਸ਼ਕਾਮ ਵਰਕਰਾਂ ਦੀ ਲੋੜ ਹੁੰਦੀ ਹੈ। ਆਪ ਸਭ ਵੀਰਾਂ-ਭੈਣਾਂ ਨੂੰ ਬੇਨਤੀ ਹੈ ਕਿ ਕਿਸੇ ਨਾ ਕਿਸੇ ਪ੍ਰੋਜੈਕਟ ਵਿਚ ਸੇਵਾ ਨਿਭਾ ਕੇ ਕੌਮ ਦੀ ਚੜ੍ਹਦੀ ਕਲਾ ਕਰਨ ਵਿਚ ਆਪਣਾ ਵੱਡਮੁੱਲਾ ਸਹਿਯੋਗ ਪਾਓ।

ਸਿੱਖ ਮਿਸ਼ਨਰੀ ਕਾਲਜ ਦੇ ਥਾਂ-ਥਾਂ ਸਰਕਲ ਖੋਲ੍ਹ ਕੇ ਧਰਮ-ਪ੍ਰਚਾਰ ਦੇ ਕਾਰਜਾਂ ਨੂੰ ਵਿੱਤ ਅਨੁਸਾਰ ਚਲਾਇਆ ਜਾ ਸਕਦਾ ਹੈ। ਪੜ੍ਹੇ-ਲਿਖੇ ਵੀਰ-ਭੈਣ ਆਪਣੇ-ਆਪਣੇ ਇਲਾਕੇ ਵਿਚ ਬੱਚਿਆਂ ਅਤੇ ਵੱਡਿਆਂ ਦੀਆਂ ਹਫਤਾਵਾਰੀ ਕਲਾਸਾਂ ਆਸਾਨੀ ਨਾਲ ਲਾ ਸਕਦੇ ਹਨ। ਇਸ ਸੰਬੰਧ ਵਿਚ ਜ਼ਰੂਰੀ ਪੁਸਤਕਾਂ ਅਤੇ ਸੇਧ ਹੈੱਡ-ਆਫ਼ਿਸ, ਲੁਧਿਆਣਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਨੌਜੁਆਨਾਂ ਦੀਆਂ ਮਿਸ਼ਨਰੀ ਕਲਾਸਾਂ ਧਰਮ ਪ੍ਰਚਾਰ ਦੀ ਰੀੜ੍ਹ ਦੀ ਹੱਡੀ ਹਨ। ਇਨ੍ਹਾਂ ਵਿਚ ਹੀ ਪ੍ਰਚਾਰਕ ਤੇ ਵਰਕਰ ਤਿਆਰ ਕੀਤੇ ਜਾ ਸਕਦੇ ਹਨ। ਹੁਣ ਲੋੜ ਹੈ ਨਿਸ਼ਕਾਮ ਭਾਵਨਾ ਨਾਲ ਧਰਮ-ਸੇਵਾ ਕਰਨ ਦੀ। ਨਿਸ਼ਕਾਮ ਸੇਵਾ ਨੂੰ ਗੁਰੂ-ਪਾਤਸ਼ਾਹ ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋਣ ਦਾ ਇਕ ਸਾਧਨ ਮੰਨਦੇ ਹਨ:

**ਵਿਚਿ ਦੁਨੀਆ ਸੇਵ ਕਮਾਈਐ ॥**

**ਤਾ ਦਰਗਹ ਬੈਸਣੁ ਪਾਈਐ ॥ (ਸਿਰੀਰਾਗੁ, ਮਹਲਾ ੧, ੨੬)**

**ਸੇਵਾ ਵੀ ਉਹੀ ਥਾਇੰ ਪੈਂਦੀ ਹੈ ਜਿਸ ਨਾਲ ਸਤਿਗੁਰੂ ਜੀ ਪ੍ਰਸੰਨ ਹੁੰਦੇ ਹੋਣ :**

**ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰ ਕਾ ਮਨੁ ਮੰਨੇ ॥**

**ਜਾ ਸਤਿਗੁਰ ਕਾ ਮਨੁ ਮੰਨਿਆ, ਤਾ ਪਾਪ ਕਸੰਮਲ ਭੰਨੇ ॥**

**(ਗਉੜੀ ਕੀ ਵਾਰ, ਮਹਲਾ ੪, ੩੧੪)**

ਸ਼ਬਦ-ਗੁਰੂ ਦੀ ਗੱਲ (ਉਪਦੇਸ਼) ਨੂੰ ਮੰਨਣ ਅਤੇ ਗੁਰ-ਉਪਦੇਸ਼ ਨੂੰ ਹੋਰਨਾਂ ਤੱਕ ਪਹੁੰਚਾਉਣ ਦੀ ਸੇਵਾ ਨੂੰ ਸਤਿਗੁਰਾਂ ਨੇ ਉੱਤਮ ਸੇਵਾ ਦੱਸਿਆ ਹੈ। ਅਜਿਹੀ ਸੇਵਾ ਨਿਭਾਉਣ ਵਾਲੇ ਗੁਰਮੁਖ-ਜਨਾਂ ਨੂੰ ਸਤਿਗੁਰਾਂ ਨੇ ਵਿਸ਼ੇਸ਼ ਆਦਰ-ਮਾਣ ਦਿੱਤਾ ਹੈ:

**ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ**

**ਉਪਦੇਸੁ ਕਰਹਿ ਪਰਉਪਕਾਰਿਆ ॥**

**ਹਰਿ ਨਾਮੁ ਦ੍ਰਿੜਾਵਹਿ, ਹਰਿ ਨਾਮੁ ਸੁਣਾਵਹਿ**

**ਹਰਿ ਨਾਮੇ ਜਗੁ ਨਿਸਤਾਰਿਆ ॥ (ਮਹਲਾ ੪, ੩੧੧)**

—ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ

ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ

ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਗਉੜੀ ਕੀ ਵਾਰ, ਮਹਲਾ ੪, ੩੦੬)

ਅੱਜ ਕੱਲ੍ਹ ਗੁਰਦੁਆਰਿਆਂ ਉਤੇ ਸੋਨਾ ਚੜ੍ਹਾਉਣ ਦੀ ਸੇਵਾ ਬੜੇ ਜ਼ੋਰ-ਸ਼ੋਰ ਨਾਲ ਹੋ ਰਹੀ ਹੈ। ਪਰ ਭਾਈ ਗੁਰਦਾਸ ਜੀ ਗੁਰ-ਸ਼ਬਦ ਦੇ ਪ੍ਰਚਾਰ ਦੀ ਸੇਵਾ ਨੂੰ ਬਹੁਤ ਉੱਤਮ ਸਮਝਦੇ ਹਨ। ਆਪ ਦਾ ਕਥਨ ਹੈ :

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ

ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ ॥

(ਕਬਿੱਤ ਸਵੱਯੇ, ਨੰਬਰ ੬੭੪)

(ਸਤ—ਸ਼ਤ, ਸੌ। ਕੰਚਨ—ਸੋਨਾ।)

ਆਓ! ਅਜਿਹੀ ਪਵਿੱਤਰ ਸੇਵਾ ਵਿਚ ਹਿੱਸਾ ਪਾਈਏ ਅਤੇ ਕੌਮ ਨੂੰ ਮੌਜੂਦਾ ਦਿਸ਼ਾ ਵਿਚੋਂ ਕੱਢ ਕੇ ਇਸ ਦਾ ਸੋਨ-ਸੁਨਹਿਰਾ ਭਵਿੱਖ ਸਿਰਜਣ ਦੇ ਕਾਰਜ ਵਿਚ ਜੁਟ ਜਾਈਏ।


## ਲਾਂਚ ਕਰਤਾ : ਜਸਬੀਰ ਸਿੰਘ

Mob.: 09988160484, 6239045985


निम्नलिखित वेबसाइट में दस गुरुजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।